# ECHO OF HIS CALL

PUNJABI

## ਬੁਲਾਵੇ ਦੀ ਗਜ

ECHO OF HIS CALL 1969-2019 GOLDEN JUBILEE (ECHO GROUP)

**India's National Spiritual Newspaper**

₹ 10/-

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII YEAR OF OUR LORD JESUS CHRIST, SEPTEMBER 2022 No. 04


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਕਹਾਉਤਾਂ 15:23-33

23. ਮਨੁੱਖ ਆਪਣੇ ਮੂੰਹ ਦੇ ਉੱਤਰ ਤੋਂ ਪ੍ਰਸੰਨ ਹੁੰਦਾ ਹੈ ਅਤੇ ਜਿਹੜਾਂ ਬਚਨ ਵੇਲੇ ਸਿਰ ਕਹੀਦਾ ਹੈ ਉਹ ਕਿਹਾ ਚੰਗਾ ਲਗਦਾ ਹੈ।
24. ਸਿਆਣੇ ਲਈ ਜੀਊਣ ਦਾ ਰਾਹ ਉਤਾਹਾਂ ਹੀ ਜਾਂਦਾ ਹੈ ਤਾਂ ਜੋ ਉਹ ਪਤਾਲ ਦੇ ਹੇਠੋਂ ਪਰ੍ਹੇ ਰਹੇ।
25. ਹੰਕਾਰੀਆਂ ਦੇ ਘਰ ਨੂੰ ਯਹੋਵਾਹ ਢਾਹ ਦਿੰਦਾ ਹੈ ਪਰ ਵਿਧਵਾ ਦੇ ਬੰਨਿਆਂ ਨੂੰ ਕਾਇਮ ਕਰਦਾ ਹੈ।
26. ਬੁਰਿਆਰ ਦੇ ਖਿਆਲ ਯਹੋਵਾਹ ਨੂੰ ਘਿਣਾਉਣੇ ਲਗਦੇ ਹਨ, ਪਰ ਸ਼ੁੱਭ ਬਚਨ ਸ਼ੁੱਧ ਹਨ।
27. ਨਫ਼ੇ ਦਾ ਲੋਭੀ ਆਪਣੇ ਹੀ ਟੱਬਰ ਨੂੰ ਦੁੱਖ ਦਿੰਦਾ ਹੈ ਪਰ ਜਿਹੜਾ ਵੱਢੀ ਤੋਂ ਘਿਣ ਕਰਦਾ ਹੈ ਉਹ ਜੀਊਂਦਾ ਰਹੇਗਾ।
28. ਧਰਮੀ ਦਾ ਮਨ ਸੋਚ ਕੇ ਉੱਤਰ ਦਿੰਦਾ ਹੈ ਪਰ ਦੁਸ਼ਟ ਦੇ ਮੂੰਹੋਂ ਬੁਰੀਆਂ ਗੱਪਾਂ ਉੱਛਲਦੀਆਂ ਹਨ।
29. ਦੁਸ਼ਟਾਂ ਕੋਲੋਂ ਯਹੋਵਾਹ ਦੂਰ ਹੈ ਪਰ ਉਹ ਧਰਮੀਆਂ ਦੀ ਪ੍ਰਾਰਥਨਾ ਸੁਣਦਾ ਹੈ।
30. ਅੱਖਾਂ ਦਾ ਚਾਨਣ ਦਿਲ ਨੂੰ ਖੁਸ਼ ਕਰਦਾ ਹੈ ਅਤੇ ਚੰਗੀ ਖਬਰ ਹੱਡੀਆਂ ਨੂੰ ਪੁਸ਼ਟ ਕਰਦੀ ਹੈ।
31. ਜਿਹੜਾ ਜੀਊਣ ਦਾਇਕ ਤਾੜ ਨੂੰ ਕੰਨ ਲਾ ਕੇ ਸੁਣਦਾ ਹੈ ਉਹ ਬੁੱਧਵਾਨਾਂ ਦੇ ਵਿਚਕਾਰ ਵੱਸੇਗਾ।
32. ਸਿੱਖਿਆ ਨੂੰ ਰੱਦ ਕਰਨ ਵਾਲਾ ਆਪਣੀ ਹੀ ਜਾਨ ਨੂੰ ਤੁੱਛ ਜਾਣਦਾ ਹੈ ਪਰ ਜੋ ਤਾੜ ਵੱਲ ਕੰਨ ਲਾਉਂਦਾ ਹੈ ਉਹ ਸਮਝ ਪ੍ਰਾਪਤ ਕਰਦਾ ਹੈ।
33. ਯਹੋਵਾਹ ਦਾ ਭੈ ਬੁੱਧ ਦੀ ਸਿੱਖਿਆ ਹੈ ਅਤੇ ਮਹਿਮਾ ਤੋਂ ਪਹਿਲਾਂ ਅਧੀਨਗੀ ਹੁੰਦੀ ਹੈ।

# ਪ੍ਰਮੇਸ਼ਵਰ ਤੁਹਾਨੂੰ ਵਧਾ ਅਰ ਉੱਚਾ ਉਠਾ ਸਕਦਾ ਹੈ!

## GOD CAN RAISE YOU AND LIFT YOU!

ਪਾਸਟਰ ਐੱਸ. ਸੈਮ ਸੇਲਵਾ ਰਾਜ

### ਯਹੋਸ਼ੁਆ ਕੌਣ ਸੀ?

ਮੂਸਾ ਦੀ ਮੌਤ ਤੋਂ ਬਾਅਦ, ਉਸ ਦਾ ਸਹਾਇਕ ਯਹੋਸ਼ੁਆ ਉਸ ਦੀ ਜਗ੍ਹਾ ਇਸਰਾਏਲ ਦੇ ਲੋਕਾਂ ਦਾ ਆਗੂ ਬਣਿਆ। "...ਯਹੋਵਾਹ ਦੇ ਸੇਵਕ ਮੂਸਾ ਦੀ ਮੌਤ ਤੋਂ ਬਾਅਦ ਅਜਿਹਾ ਹੋਇਆ, ਕਿ ਯਹੋਵਾਹ ਨੇ ਮੂਸਾ ਦੇ ਸੇਵਕ, ਨੂਨ ਦੇ ਪੁੱਤਰ ਯਹੋਸ਼ੁਆ ਨਾਲ ਗੱਲ ਕੀਤੀ..." (ਯਹੋਸ਼ੁਆ 1:1)। "ਅਤੇ ਇਨ੍ਹਾਂ ਗੱਲਾਂ ਤੋਂ ਬਾਅਦ ਅਜਿਹਾ ਹੋਇਆ ਕਿ ਯਹੋਵਾਹ ਦਾ ਸੇਵਕ ਨੂਨ ਦਾ ਪੁੱਤਰ ਯਹੋਸ਼ੁਆ ਇੱਕ ਸੌ ਦਸ ਸਾਲਾਂ ਦਾ ਹੋ ਕੇ ਮਰ ਗਿਆ" (ਯਹੋਸ਼ੁਆ 24:29)। ਪਹਿਲੀ ਆਇਤ ਕਹਿੰਦੀ ਹੈ ਕਿ ਯਹੋਸ਼ੁਆ ਮੂਸਾ ਦਾ ਸਹਾਇਕ ਸੀ ਅਤੇ ਆਖਰੀ ਆਇਤ ਕਹਿੰਦੀ ਹੈ ਕਿ ਉਹ ਪ੍ਰਭੂ ਦਾ ਸੇਵਕ ਸੀ।

"ਉਹ ਗਰੀਬ ਨੂੰ ਖ਼ਾਕ ਵਿੱਚੋਂ ਚੁੱਕਦਾ ਅਤੇ ਕੰਗਾਲ ਨੂੰ ਰੂੜੀ ਤੋਂ ਉਠਾਉਂਦਾ ਹੈ" (ਜ਼ਬੂਰ 113:7)। ਪ੍ਰਭੂ ਨੂੰ ਮਜ਼ਲੂਮਾਂ, ਗਰੀਬਾਂ, ਲੋੜਵੰਦਾਂ ਅਤੇ ਬਿਮਾਰਾਂ ਦੀ ਚਿੰਤਾ ਹੈ। ਪ੍ਰਮੇਸ਼ਵਰ ਨੇ ਇੱਕ ਆਦਮੀ ਨੂੰ ਦੂਜੇ ਮਨੁੱਖ ਦਾ ਸੇਵਕ ਬਣਨ ਦੀ ਇਜਾਜ਼ਤ ਦਿੱਤੀ ਅਤੇ ਬਾਅਦ ਵਿੱਚ ਉਸਨੂੰ ਆਪਣਾ ਸੇਵਕ ਬਣਾਇਆ। ਯਹੋਸ਼ੁਆ ਦਾ ਅਸਲੀ ਨਾਮ ਹੋਸ਼ੇਆ ਸੀ ਅਤੇ ਮੂਸਾ ਨੇ ਉਸਦਾ ਨਾਮ ਯਹੋਸ਼ੁਆ ਰੱਖਿਆ।ਯਹੋਸ਼ੁਆ ਦਾ ਅਰਥ ਹੈ 'ਪ੍ਰਭੂ ਮੁਕਤੀ ਹੈ'। ਯਹੋਸ਼ੁਆ ਦੇ ਜੀਵਨ ਦਾ ਉਦੇਸ਼ ਉਸ ਧਰਤੀ ਉੱਤੇ ਕਬਜ਼ਾ ਕਰਨਾ ਸੀ ਜੋ ਯਹੋਵਾਹ ਨੇ ਉਨ੍ਹਾਂ ਨੂੰ ਦਿੱਤੀ ਸੀ। ਪਰਮੇਸ਼ੁਰ ਨੇ ਅੱਸੀ ਸਾਲਾਂ ਦੇ ਆਦਮੀ ਨੂੰ ਉੱਚਾ ਕੀਤਾ ਅਤੇ ਉਸਨੂੰ ਅਧਿਕਾਰ ਦਿੱਤਾ ਅਰ ਸਵਰਗ ਦੀਆਂ ਕੁੰਜੀਆਂ ਦਿੱਤੀਆਂ! ਯਹੋਸ਼ੁਆ ਦਾ ਜਨਮ ਇੱਕ ਅਮੀਰ ਪਰਿਵਾਰ ਵਿੱਚ ਨਹੀਂ ਹੋਇਆ ਸੀ - ਉਹ ਮਿਸਰ ਵਿੱਚ ਇੱਕ ਗੁਲਾਮ ਦੇ ਘਰ ਪੈਦਾ ਹੋਇਆ ਸੀ।

ਇੱਕ ਬਲਦੀ ਝਾੜੀ ਵਿੱਚੋਂ ਪਰਮੇਸ਼ੁਰ ਨੇ ਮੂਸਾ ਨੂੰ ਨਾਮ ਨਾਲ ਬੁਲਾਇਆ। ਜਦੋਂ ਸ਼ਾਊਲ ਦਮਿਸ਼ਕ ਨੂੰ ਜਾ ਰਿਹਾ ਸੀ, ਉਸਨੇ ਇੱਕ ਅਵਾਜ਼ ਸੁਣੀ, "ਸਾਊਲ, ਸਾਊਲ.." ਪਰ ਯਹੋਸ਼ੁਆ ਨੂੰ ਨਾ ਤਾਂ ਨਾਮ ਲੈ ਕੇ ਬੁਲਾਇਆ ਗਿਆ ਅਤੇ ਨਾ ਹੀ ਉਸਨੂੰ ਕੋਈ ਦਰਸ਼ਣ ਜਾਂ ਨਿਸ਼ਾਨ ਮਿਲਿਆ। ਉਸਨੂੰ ਇੱਕ ਬਜੁਰਗ ਆਦਮੀ ਮੂਸਾ ਦਾ ਸਹਾਇਕ ਬਣਾਇਆ ਗਿਆ, ਜਿਸਨੇ ਉਸਨੂੰ ਪ੍ਰਭੂ ਪਰਮੇਸ਼ੁਰ ਬਾਰੇ ਸਿਖਾਇਆ ਸੀ। ਯਹੋਸ਼ੁਆ ਨੇ ਇੱਕ ਬਜੁਰਗ ਆਦਮੀ ਦੀ ਗਲ ਸੁਣ ਕੇ ਪਰਮੇਸ਼ੁਰ ਦੀ ਸ਼ਕਤੀ ਪ੍ਰਾਪਤ ਕੀਤੀ।

ਅਸੀਂ ਜਾਣਦੇ ਹਾਂ ਕਿ ਹਰ ਵਿਅਕਤੀ ਦੀ ਬੁਲਾਹਟ ਵੱਖਰੀ ਹੁੰਦੀ ਹੈ। ਕੋਈ ਵੀ ਦੂਜੇ ਨਾਲੋਂ ਉੱਚਾ ਜਾਂ ਨੀਵਾਂ ਨਹੀਂ ਹੈ। ਮੂਸਾ ਬੋਲਣ ਵਿੱਚ ਹਕਲਾਉਂਦਾ ਸੀ, ਉਹ ਯੁੱਧ ਕਲਾ ਵਿੱਚ ਮਾਹਰ ਅਰ ਇੱਕ ਸੁਡੌਲ ਅਤੇ ਮਜ਼ਬੂਤ ਆਦਮੀ ਸੀ। ਉਸਨੂੰ ਆਪਣਾ ਧਿਆਨ

(ਚਲਦਾ ਸਫ਼ਾ 3-)

ECHO OF HIS CALL - (1969-2019 GOLDEN JUBILEE YEAR)



# from your dearly beloved brother...

(ECHO GROUP)



## ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Sis. Serena Bevin, M.A., M.Phil., B.Ed.
Rev. Dr. K.R. Rajasekaran
Dr. A. Richard Samuel, M.A., Ph.D.

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**CORE LEADERS**
Bro. K. Puratchivendan
Bro. A. Edward Durai
Bro. A. Alvin
Bro. K. Abraham
Sis. Dhanalakshmi Chinnaiah

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call

"ਧਰਮੀ ਖ਼ਜੂਰ ਦੇ ਬਿਰਛ ਵਾਂਗ ਫ਼ਲਿਆ ਰਹੇਗਾ, ਲਬਾਨੋਨ ਦੇ ਦਿਆਰ ਵਾਂਗ ਵਧਦਾ ਜਾਵੇਗਾ।"
ਜ਼ਬੂਰਾਂ ਦੀ ਪੋਥੀ 92:12

ਯਿਸੂ ਮਸੀਹ ਵਿੱਚ ਪਿਆਰੇ ਦੋਸਤੋ,
"ਪ੍ਰਮੇਸ਼ਵਰ ਸਾਡੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਵੱਲੋਂ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ" (ਫਿਲੇਮੋਨ 1:3)।

ਪ੍ਰਭੂ ਵਿੱਚ ਤੁਹਾਡੀ ਚੰਗੀ ਸਿਹਤ ਅਤੇ ਖੁਸ਼ਹਾਲੀ ਵਿੱਚ ਵਿਸ਼ਵਾਸ ਕਰਦੇ ਹੋਏ, ਅਸੀਂ ਹਰ ਰੋਜ਼ ਤੁਹਾਡੀ ਬਰਕਤ ਅਤੇ ਰਖਵਾਲੀ ਲਈ ਪ੍ਰਾਰਥਨਾ ਕਰਦੇ ਹਾਂ। ਸਾਡਾ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ, ਜੋ ਸਾਡੀਆਂ ਪ੍ਰਾਰਥਨਾਵਾਂ ਦਾ ਜਵਾਬ ਦਿੰਦਾ ਹੈ ਅਤੇ ਇਨਾਮ ਦਿੰਦਾ ਹੈ ਤੁਹਾਨੂੰ ਜ਼ਰੂਰ ਅਸੀਸ ਦੇਵੇਗਾ। ਉਹ ਆਪਣੇ ਖੰਭਾਂ ਨਾਲ ਤੁਹਾਨੂੰ ਢੱਕ ਲਵੇਗਾ (ਜ਼ਬੂਰ 91:4)।

ਉਹ ਆਪਣੇ ਖੰਭਾਂ ਹੇਠ ਤੁਹਾਡੀ ਰੱਖਿਆ ਕਰੇਗਾ ਜਦੋਂ ਤੱਕ ਤੁਹਾਡਾ ਮੁਸ਼ਕਲ ਸਮਾਂ ਲੰਘ ਨਹੀਂ ਜਾਂਦਾ। ਇਸ ਲਈ ਦਲੇਰ ਬਣੋ ਅਤੇ ਨਾ ਡਰੋ; ਅੱਗੇ ਵਧੋ ਉਸਦੇ ਖੰਭਾਂ ਦੇ ਸਾਏ ਹੇਠ ਪਨਾਹ ਲਓ ਜਦੋਂ ਤੱਕ ਤਬਾਹੀ ਨਹੀਂ ਲੰਘ ਜਾਂਦੀ (ਜ਼ਬੂਰ 57:1)। ਪਰਮੇਸ਼ੁਰ ਦਾ ਬਲਵਾਨ ਹੱਥ ਤੁਹਾਡੇ ਨਾਲ ਹੈ।

ਵੱਖ-ਵੱਖ ਰੁਕਾਵਟਾਂ ਦੇ ਬਾਵਜੂਦ, ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਹਰੇਕ ਭਾਗ ਨੂੰ ਯੋਜਨਾਬੱਧ ਢੰਗ ਨਾਲ ਸੰਗਠਿਤ ਕਰ ਰਹੇ ਹਾਂ। ਪ੍ਰਮੇਸ਼ਵਰ ਹਰ ਰੋਜ਼ ਨਵੀਆਂ ਰੂਹਾਂ ਜੋੜ ਰਿਹਾ ਹੈ। ਦੂਜੇ ਪਾਸੇ ਅਸੀਂ ਦੁਸ਼ਮਣ ਦੀਆਂ ਉਲਝਣਾ, ਵਿੱਤੀ ਲੋੜਾਂ ਅਤੇ ਹੋਰ ਸਮੱਸਿਆਵਾਂ ਦੇ ਬੋਝ ਦਾ ਸਾਹਮਣਾ ਕਰ ਰਹੇ ਹਾਂ ਜਿਨ੍ਹਾਂ ਦਾ ਲਿਖਤੀ ਜ਼ਿਕਰ ਨਹੀਂ ਕੀਤਾ ਜਾ ਸਕਦਾ। ਪ੍ਰਮੇਸ਼ਵਰ ਦੀ ਕਿਰਪਾ ਸਦਕਾ ਅਸੀਂ ਸਭ ਪਰੇਸ਼ਾਨੀਆਂ ਨੂੰ ਦੂਰ ਕਰਨ ਦੇ ਯੋਗ ਹੋ ਗਏ ਹਾਂ। ਅਸੀਂ ਵੀ ਤੁਹਾਡੇ ਵਾਂਗ ਜਨੂੰਨ ਨਾਲ ਭਰੇ ਹੋਏ ਹਾਂ। ਕਿਰਪਾ ਕਰਕੇ ਸਾਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ। ਅਸੀਂ ਤੁਹਾਡੀਆਂ ਪ੍ਰਾਰਥਨਾਵਾਂ ਅਤੇ ਸਮਰਥਨ ਲਈ ਧੰਨਵਾਦੀ ਹਾਂ।



*Rev. Dr. K.R. Rajasekaran*



*Dr. A.Richard Samuel*

ਪ੍ਰਮੇਸ਼ਵਰ ਨੇ ਸਹੀ ਸਮੇਂ 'ਤੇ, ਚਮਤਕਾਰੀ ਢੰਗ ਨਾਲ ਰੇਵ. ਡਾ. ਕੇ.ਆਰ. ਰਾਜਸੇਕਰਨ ਅਤੇ ਡਾ. ਏ. ਰਿਚਰਡ ਸੈਮੂਅਲ ਨੂੰ ਸਾਡੇ ਨਾਲ ਜੋੜ ਦਿੱਤਾ ਹੈ। ਪ੍ਰਮੇਸ਼ਵਰ ਬਹੁਤ ਭਲਾ ਹੈ। ਪਰਮੇਸ਼ੁਰ ਦੀ ਉਸਤਤ ਅਤੇ ਮਹਿਮਾ ਹੋਵੇ! ਵਧਾਈਆਂ! ਪਿਆਰੇ ਭਰਾਵੋ ਪ੍ਰਮੇਸ਼ਵਰ ਤੁਹਾਨੂੰ ਅਸੀਸ ਦੇਵੇ!!

ਸਾਡੇ ਬੁਲਾਵੇ ਦੀ ਗੂੰਜ ਮੇਨ ਚਰਚ ਵਿੱਚ 6 ਅਤੇ 7 ਅਗਸਤ ਨੂੰ 54ਵਾਂ ਸਲਾਨਾ ਸੰਮੇਲਨ ਅਤੇ ਨਵੇਂ ਵਰਕਰਾਂ ਲਈ ਇੰਡਕਸ਼ਨ ਸਭਾ ਦਾ ਆਯੋਜਨ ਕੀਤਾ ਗਿਆ। ਚੇਨੰਈ ਦੇ ਸੀਨੀਅਰ ਪਾਸਟਰਾਂ ਵਿੱਚੋਂ ਸਾਡੇ ਇੱਕ ਨਜ਼ਦੀਕੀ ਮਿੱਤਰ, ਪਾਦਰੀ ਐਸ. ਅਬਰਾਹਾਮ ਨੂੰ ਪਰਮੇਸ਼ੁਰ ਨੇ ਸਾਮਰਥ ਨਾਲ ਇਸਤੇਮਾਲ ਕੀਤਾ। ਮੇਰੀ ਧੀ ਐਂਜਲੀਨ ਨੇ ਉਨ੍ਹਾਂ ਦੇ ਸੰਦੇਸ਼ਾਂ ਦਾ ਤਮਿਲ ਤੋਂ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਸਿਸਟਰ ਰਿਮਾ ਗੈਥਸੀ ਅਲੈਕਸ ਸੈਮਸਨ, ਬ੍ਰ. ਜੇ. ਸੈਮੂਅਲ ਅਤੇ ਸਿਸ. ਐੱਸ. ਕੰਥਾ ਨੂੰ ਅਧਿਕਾਰਤ ਤੌਰ 'ਤੇ ਬੁਲਾਵੇ ਦੀ ਗੂੰਜ ਸੇਵਕਾਈ ਵਿੱਚ ਪੂਰੇ ਸਮੇਂ ਦੇ ਵਰਕਰਾਂ ਵਜੋਂ ਸਵੀਕਾਰ ਕੀਤਾ ਗਿਆ। ਸਾਡੇ ਪਿਆਰੇ ਅਤੇ ਸਤਿਕਾਰਯੋਗ ਭਰਾ ਕੇ. ਪੁਰਾਚਿਵੇਂਥਨ, ਏ. ਐਡਵਰਡ ਦੁਰਾਈ, ਏ. ਐਲਵਿਨ, ਕੇ. ਅਬਰਾਹਮ, ਅਤੇ ਸਿਸ. ਧਨਲਕਸ਼ਮੀ ਚਿਨੱਈਆ ਨੂੰ ਤਿੰਨ ਸਾਲਾਂ ਲਈ ਬੋਰਡ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ। ਸਾਨੂੰ ਪੱਕਾ ਵਿਸ਼ਵਾਸ ਹੈ ਕਿ ਭਵਿੱਖ ਵਿੱਚ ਪਰਮੇਸ਼ੁਰ ਸਾਡੀ ਸੇਵਕਾਈ ਨੂੰ ਅਗਲੇ ਪੱਧਰ ਤੱਕ ਲੈ ਜਾਵੇਗਾ। ਪ੍ਰਭੂ ਉਸ ਦੇ ਆਉਣ ਤੱਕ ਬੁਲਾਵੇ ਦੀ ਗੂੰਜ ਸੇਵਕਾਈਆਂ ਦੀ ਅਗਵਾਈ ਕਰਦਾ ਰਹੇ। ਅਤੇ ਪ੍ਰਭੂ ਤੁਹਾਡੇ ਵਿੱਚੋਂ ਹਰ ਇੱਕ ਨੂੰ ਅਸੀਸ ਦੇਵੇ ਜੋ ਸਾਡੇ ਮਜ਼ਬੂਤ ??ਸਮਰਥਕ ਹਨ। ਅਸੀਂ ਉਨ੍ਹਾਂ ਸਾਰਿਆਂ ਨੂੰ ਸ਼ੁਭਕਾਮਨਾਵਾਂ ਅਤੇ ਅਸੀਸ ਦੇਣ ਵਿੱਚ ਖੁਸ਼ੀ ਮਹਿਸੂਸ ਕਰਦੇ ਹਾਂ ਜਿਨ੍ਹਾਂ ਨੇ ਸਾਡੀ ਸੇਵਕਾਈ ਦੇ ਪਿਛਲੇ 53 ਸਾਲਾਂ ਵਿੱਚ ਸਾਡੇ ਨਾਲ ਯਾਤਰਾ ਕੀਤੀ ਹੈ। ਸਾਡੇ ਚੰਗੇ ਦੋਸਤਾਂ ਵਿੱਚੋਂ ਇੱਕ ਭਰਾ ਕੇਨ ਨੇ ਆਪਣੀ ਈ-ਮੇਲ ਵਿੱਚ ਲਿਖਿਆ, "ਪਿਆਰੇ ਭਰਾ ਸੈਮ, 54 ਸਾਲ - ਇਹ ਹੈਰਾਨੀਜਨਕ ਹੈ!" ਸਾਡੇ

ਪ੍ਰਭੂ ਯਿਸੂ ਮਸੀਹ ਦੀ ਉਸਤਤ ਹੋਵੇ !! ਅਸੀਂ ਸੇਵਕਾਈ ਦੀ ਸ਼ੁਰੂਆਤ ਤੋਂ ਸਾਡੇ ਨਾਲ ਰਹੇ ਅਤੇ ਨਵੇਂ ਸ਼ਾਮਲ ਹੋਏ ਸਭ ਮੈਂਬਰਾਂ ਦਾ ਸਨਮਾਨ ਕਰਦੇ ਹਾਂ। "ਪਰਮੇਸ਼ੁਰ ਵਫ਼ਾਦਾਰ ਹੈ, ਜਿਸ ਦੁਆਰਾ ਤੁਹਾਨੂੰ ਉਸਦੇ ਪੁੱਤਰ ਯਿਸੂ ਮਸੀਹ ਸਾਡੇ ਪ੍ਰਭੂ ਦੀ ਸੰਗਤ ਵਿੱਚ ਬੁਲਾਇਆ ਗਿਆ" 1 ਕੁਰਿੰਥੀਆਂ 1:9।

ਅਸੀਂ ਆਪਣੇ ਬੋਰਡ ਮੈਂਬਰਾਂ, ਚਰਚ ਮੈਂਬਰਾਂ ਅਤੇ ਸੇਵਕਾਂ, ਮੈਗਜ਼ੀਨ ਦੇ ਪਾਠਕਾਂ, ਐਸੋਸੀਏਟ ਐਡੀਟਰਾਂ, ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਮਹਾਂ ਆਦੇਸ਼ ਸਹਿਭਾਗੀਆਂ, ਮਿਸ਼ਨਰੀਆਂ, ਬ੍ਰਾਂਚ ਪਾਸਟਰਾਂ, ਸਟੇਟ ਕੋਆਰਡੀਨੇਟਰਾਂ, ਵਿਦੇਸ਼ੀ ਦੋਸਤਾਂ, ਸੇਂਟ ਪਾਲ ਮੈਟ੍ਰਿਕ ਸਕੂਲ, ਨਹਮਯਾਹ ਬਾਈਬਲ ਕਾਲਜ ਅਤੇ ਦਫ਼ਤਰ ਆਦਿ ਦੇ ਸਟਾਫ਼ ਮੈਂਬਰਾਂ ਸਭ ਦਾ ਧੰਨਵਾਦ ਕਰਦੇ ਹਾਂ। ਪ੍ਰਭੂ ਯਿਸ਼ੂ ਮਸੀਹ ਵਿੱਚ ਸਾਡੀ ਖੁਸ਼ੀ ਉਦੋਂ ਵਧ ਜਾਂਦੀ ਹੈ ਜਦੋਂ ਅਸੀਂ ਸੋਚਦੇ ਹਾਂ ਕਿ ਕਿਵੇਂ ਅਦਭੁੱਤ ਢੰਗ ਨਾਲ ਉਸਨੇ ਸਾਲ 1969 ਤੋਂ ਲੈ ਕੇ ਅੱਜ ਤੱਕ ਸਾਡੀ ਅਗਵਾਈ ਕੀਤੀ ਹੈ!

ਪ੍ਰਭੂ ਤੁਹਾਨੂੰ ਸਭ ਨੂੰ ਅਸੀਸ ਦੇਵੇ। ਆਮੀਨ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।

(+91) 98412 71858 / 98410 71858,

E.mail : samselvaraj333@gmail.com

(ਚਲਦਾ ਸਫਾ 1 ਤੋਂ)

ਖਿੱਚਣ ਲਈ ਇੱਕ ਬੋਲਦੀ ਬਲਦੀ ਝਾੜੀ ਦੀ ਲੋੜ ਸੀ! ਜੰਗਲ ਦੇ ਵਿਚਕਾਰ, ਇੱਕ ਝਾੜੀ ਬਲ ਰਹੀ ਸੀ; ਪਰ ਉਹ ਬਸਮ ਨਹੀ ਸੀ ਹੋ ਰਹੀ। ਉੱਥੇ ਕੋਈ ਵੀ ਮੌਜੂਦ ਨਹੀਂ ਸੀ; ਫਿਰ ਵੀ ਇੱਕ ਅਵਾਜ਼ ਨੇ ਉਸਨੂੰ "ਮੂਸਾ, ਮੂਸਾ" ਕਿਹਾ! ਅਜਿਹੀ ਸਥਿਤੀ ਵਿੱਚ ਕੋਈ ਵੀ ਆਦਮੀ ਡਰ ਜਾਵੇਗਾ। ਜੇ ਪ੍ਰਮੇਸ਼ਵਰ ਮੂਸਾ ਨੂੰ ਆਖਦਾ, "ਕਿਰਪਾ ਕਰਕੇ ਮੇਰੇ ਬੱਚਿਆਂ ਨੂੰ ਮਿਸਰ ਦੀ ਗ਼ੁਲਾਮੀ ਤੋਂ ਬਾਹਰ ਲੈ ਆਓ," ਯਕੀਨੀ ਤੌਰ 'ਤੇ ਉਹ ਪ੍ਰਸਤਾਵ ਨੂੰ ਸਵੀਕਾਰ ਨਾ ਕਰਦਾ। ਉਸ ਨੂੰ ਪਹਿਲਾਂ ਪਰਮੇਸ਼ੁਰ ਦੀ ਅਦਭੁਤ ਸ਼ਕਤੀ ਨੂੰ ਦੇਖਣ ਦੀ ਲੋੜ ਸੀ।

ਪਰ ਯਹੋਸ਼ੁਆ ਦਾ ਸੁਭਾਅ ਵੱਖਰਾ ਸੀ। ਉਸ ਦਾ ਦਿਲ ਪਰਮੇਸ਼ੁਰ ਦਾ ਬਚਨ ਸੁਣਨ ਲਈ ਖੁੱਲ੍ਹਾ ਸੀ। ਇਸ ਲਈ, ਸਿੱਧੇ ਤੌਰ 'ਤੇ ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਕਿ ਉਹ ਉਸ ਨੂੰ ਉਸ ਦੇ ਸਥਾਨ 'ਤੇ ਮਸਹ ਕਰੇ।

ਜਦੋਂ ਤੁਸੀਂ ਉਸਦੇ ਬਚਨ ਦੀ ਪਾਲਣਾ ਕਰਦੇ ਹੋ ਤਾਂ ਤੁਸੀਂ ਉਸਦੀ ਬਖਸ਼ਿਸ਼ ਦਾ ਆਨੰਦ ਮਾਣੋਗੇ। ਰੱਬ ਕੰਮ ਸਹੀ ਸਮੇਂ ਤੇ ਕਰਦਾ ਹੈ। ਅਸੀਂ ਸਭ ਕੁਝ ਤੇਜ਼ੀ ਨਾਲ ਹੋਣ ਦੀ ਉਮੀਦ ਕਰਦੇ ਹਾਂ। ਸਾਡੀ ਗਤੀ ਅਤੇ ਪ੍ਰਮੇਸ਼ਵਰ ਦਾ ਸਮਾਂ ਮੇਲ ਨਹੀਂ ਖਾਂਦੇ। ਇਸ ਕਾਰਨ ਬਹੁਤ ਸਾਰੇ ਲੋਕਾਂ ਦੇ ਜੀਵਨ ਵਿੱਚ ਦੇਰੀ ਹੋ ਜਾਂਦੀ ਹੈ, ਜਿਵੇਂ ਕਿ ਪੜ੍ਹਾਈ ਵਿੱਚ ਦੇਰੀ, ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਦੇਰੀ, ਨਿੱਜੀ ਜੀਵਨ ਵਿੱਚ ਅਸੀਸਾਂ ਪ੍ਰਾਪਤ ਕਰਨ ਵਿੱਚ ਦੇਰੀ ਆਦਿ। ਅਜਿਹੀ ਦੇਰੀ ਦਾ ਮਤਲਬ ਇਹ ਨਹੀਂ ਹੁੰਦਾ ਕਿ ਪ੍ਰਮੇਸ਼ਵਰ ਸਾਨੂੰ ਭੁੱਲ ਗਿਆ ਹੈ। ਪਰੰਤੂ ਪਰਮੇਸ਼ੁਰ ਕੁਝ ਮਹਾਨ ਕਰਨ ਜਾ ਰਿਹਾ ਹੈ। ਸਾਨੂੰ ਆਪਣੇ ਆਪ ਨੂੰ ਉਸਦੇ ਸ਼ਕਤੀਸ਼ਾਲੀ ਹੱਥ ਹੇਠ ਨਿਮਰ ਹੋਣਾ ਚਾਹੀਦਾ ਹੈ। ਫਿਰ ਪ੍ਰਮੇਸ਼ਵਰ ਤੁਹਾਨੂੰ ਅਸੀਸ ਦੇਵੇਗਾ ਅਤੇ ਤੁਹਾਨੂੰ ਉਹ ਸਭ ਵਾਪਸ ਮਿਲੇਗਾ ਜੋ ਤੁਸੀਂ ਗੁਆ ਦਿੱਤਾ ਹੈ - ਤੁਹਾਡੀ ਸਿਹਤ! ਅਰ ਉਮਰ ਨੂੰ ਵੀ ਪ੍ਰਮੇਸ਼ਵਰ ਵਧਾਵੇਗਾ।

ਜਦੋਂ ਪ੍ਰਮੇਸ਼ਵਰ ਮਨੁੱਖ ਨੂੰ ਗੁਲਾਮੀ, ਗਰੀਬੀ ਅਤੇ ਕਮਜ਼ੋਰੀ ਤੋਂ ਉਠਾਉਂਦਾ ਹੈ ਤਾਂ ਉਸਨੂੰ ਰਾਜਿਆਂ ਦੇ ਸਾਹਮਣੇ ਖੜ੍ਹਾ ਕਰਦਾ ਹੈ। ਯਹੋਸ਼ੁਆ ਇਕ ਜੇਤੂ ਅਤੇ ਇੱਕ ਨਿਆਈਂ ਵਿੱਚ ਬਦਲ ਗਿਆ।

## 1. ਸਕਾਰਾਤਮਕ ਵਿਸ਼ਵਾਸ ਦਾ ਸ਼ਬਦ

ਜੇਕਰ ਪ੍ਰਮੇਸ਼ਵਰ ਨੇ ਕੋਈ ਅਲੌਕਿਕ ਕੰਮ ਕਰਨਾ ਹੈ, ਤਾਂ ਸਾਨੂੰ ਉਸਦੇ ਬਚਨ ਅਤੇ ਉਸਦੇ ਵਾਅਦਿਆਂ ਵਿੱਚ ਵਿਸ਼ਵਾਸ ਕਰਨਾ ਪਵੇਗਾ। ਜਦੋਂ ਅਸੀਂ ਗਿਣਤੀ ਦੇ ਅਧਿਆਇ 13 ਅਤੇ 14 ਨੂੰ ਪੜ੍ਹਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਮੂਸਾ ਨੇ ਆਦਮੀਆਂ ਨੂੰ ਭੇਜਿਆ ਜੋ ਇਸਰਾਏਲ ਦੇ ਕਬੀਲਿਆਂ ਦੇ ਮੁਖੀ ਸਨ, ਕਨਾਨ ਦੀ ਧਰਤੀ ਦੀ ਜਾਸੂਸੀ ਕਰਕੇ ਇਹ



ਡੇਖਣ ਲਈ ਕਿ ਕੀ ਇਹ ਰਹਿਣ ਦੇ ਯੋਗ ਹੈ ਜਾਂ ਨਹੀਂ। ਜਦੋਂ ਉਹ ਵਾਪਸ ਆਏ ਤਾਂ ਉਨ੍ਹਾਂ ਨੇ ਦੱਸਿਆ ਕਿ ਉੱਥੇ ਰਹਿਣ ਵਾਲੇ ਲੋਕ ਮਜ਼ਬੂਤ ਅਤੇ ਦਾਨਵਾਂ ਵਰਗੇ ਸਨ ਅਤੇ ਉੱਥੇ ਜਾਣਾ ਅਸੰਭਵ ਸੀ। ਯਹੋਸ਼ੁਆ ਵੀ ਕਨਾਨ ਦੇਸ਼ ਦੀ ਜਾਸੂਸੀ ਕਰਨ ਗਿਆ ਸੀ। ਇਸ ਆਦਮੀ ਨੇ ਇਸਰਾਏਲੀਆਂ ਨਾਲੋਂ ਉੱਚੇ ਅਤੇ ਮਜ਼ਬੂਤ ??ਆਦਮੀਆਂ ਨੂੰ ਵੀ ਦੇਖਿਆ। ਪਰ ਉਸਨੇ ਇਸ ਗੱਲ ਨੂੰ ਕੋਈ ਮਹੱਤਵ ਨਹੀਂ ਦਿੱਤਾ, ਉਸਨੇ ਦੱਸਿਆ, "...ਜਿਸ ਧਰਤੀ ਨੂੰ ਅਸੀਂ ਖੋਜਣ ਲਈ ਗਏ, ਉਹ ਡਾਢੀ ਚੰਗੀ ਹੈ... ਇੱਕ ਅਜਿਹੀ ਧਰਤੀ ਜਿਸ ਵਿੱਚ ਦੁੱਧ ਅਤੇ ਸ਼ਹਿਦ ਵਗਦਾ ਹੈ" (ਗਿਣਤੀ 14: 7,8)। ਉਸ ਨੇ ਸਕਾਰਾਤਮਕ ਰਿਪੋਰਟ ਦਿੱਤੀ।

ਜਦੋਂ ਸਾਡੀ ਚਰਚ ਦੀ ਇਮਾਰਤ ਪੁਰਾਣੀ ਅਤੇ ਖਸਤਾ ਹਾਲਤ ਵਿੱਚ ਸੀ, ਤਾਂ ਸਾਡੇ ਕੋਲ ਇਸ ਨੂੰ ਸੁਧਾਰਨ ਲਈ ਪੈਸੇ ਨਹੀਂ ਸਨ। ਸਾਡੇ ਦਫ਼ਤਰ ਲਈ ਕੋਈ ਥਾਂ ਨਹੀਂ ਸੀ ਅਤੇ ਅਰਾਧਨਾ ਕਰਨੀ ਔਖੀ ਸੀ। ਅਸੀਂ ਵਿਸ਼ਵਾਸ ਕੀਤਾ ਕਿ ਪ੍ਰਮੇਸ਼ਵਰ ਸਾਡੇ ਲਈ ਸਭ ਕੁਝ ਮਹੁੱਈਆ ਕਰੇਗਾ - ਵਿਸ਼ਵਾਸ ਦੇ ਸਕਾਰਾਤਮਕ ਸ਼ਬਦ ਬੋਲੇ। "ਛੇ ਮਹੀਨਿਆਂ ਵਿੱਚ, ਇੱਕ ਚਰਚ ਬਣਾਇਆ ਜਾਵੇਗਾ, ਇੱਕ ਪ੍ਰੈਸ ਕੰਮ ਕਰੇਗੀ - ਇਮਾਰਤ ਨੂੰ ਸੁੰਦਰ ਬਣਾਇਆ ਜਾਵੇਗਾ"। ਕੀ ਸਾਡੇ ਕੋਲ ਕੋਈ ਫੰਡ ਸੀ? ਕੀ ਕਿਸੇ ਨੇ ਦਾਨ ਦੇਣ ਦਾ ਵਾਅਦਾ ਕੀਤਾ ਸੀ? ਕੀ ਕਿਸੇ ਨੇ ਪੈਸੇ ਦਿੱਤੇ? ਕਿਸੇ ਨੇ ਨਹੀਂ ਕੀਤਾ। ਪਰ ਅਸੀਂ ਉਸ ਦੇ ਵਾਅਦੇ ਅਨੁਸਾਰ ਵਿਸ਼ਵਾਸ ਨਾਲ ਕੰਮ ਸ਼ੁਰੂ ਕੀਤਾ, ਕੰਮ ਅੱਗੇ ਵਧਦਾ ਗਿਆ ਅਤੇ ਲੋੜਾਂ ਪੂਰੀਆਂ ਹੁੰਦੀਆਂ ਗਈਆਂ। ਬਿਲਡਿੰਗ ਯੋਜਨਾ ਮੁਤਾਬਿਕ ਬਿਲਕੁਲ ਸਹੀ ਸਮੇਂ 'ਤੇ ਬਣੀ। ਇੱਕ ਸੁੰਦਰ ਉੱਚੀ ਇਮਾਰਤ, ਜਿਹੜੀ ਅਸੀਂ ਅੱਜ ਦੇਖਦੇ ਹਾਂ! ਪ੍ਰਭੂ ਮੁਹੱਈਆ ਕਰੇਗਾ। ਤੇਰੇ ਕਰਜ਼ੇ ਮਿਟ ਜਾਣਗੇ, ਤੇਰੇ ਹੰਝੂ ਮੁੱਕ ਜਾਣਗੇ, ਔਖਾ ਸਮਾਂ ਬੀਤ ਜਾਵੇਗਾ, ਪ੍ਰਭੂ ਸਭ ਕੁਝ ਵੇਖ ਲਵੇਗਾ।

## 2. ਯਹੋਸ਼ੂਆ, ਇੱਕ ਸਹਾਇਕ

ਯਹੋਸ਼ੁਆ ਮੂਸਾ ਦਾ ਵਫ਼ਾਦਾਰ ਸਹਾਇਕ ਸੀ। ਜੇ ਤੁਸੀਂ ਚਾਹੁੰਦੇ ਹੋ ਕਿ ਪ੍ਰਭੂ ਤੁਹਾਨੂੰ ਬਰਕਤ ਦੇਵੇ, ਤਾਂ ਤੁਹਾਡੇ ਮਨ ਵਿਚ ਸੇਵਾ ਦੀ ਭਾਵਨਾ ਹੋਣੀ ਚਾਹੀਦੀ ਹੈ। ਅਜਿਹੇ ਲੋਕ ਹੀ ਉਚਾਈਆਂ 'ਤੇ ਪਹੁੰਚਦੇ ਹਨ। ਜਦੋਂ ਤੁਸੀਂ ਮਹਾਨ ਰਾਸ਼ਟਰੀ ਨੇਤਾਵਾਂ ਦੇ ਜੀਵਨ ਨੂੰ ਦੇਖਦੇ ਹੋ, ਤਾਂ ਤੁਸੀਂ ਸੋਚ ਸਕਦੇ ਹੋ ਕਿ ਉਨ੍ਹਾਂ ਨੇ ਇਹ ਮੁਕਾਮ ਆਸਾਨੀ ਨਾਲ ਪ੍ਰਾਪਤ ਕੀਤਾ ਸੀ। ਪਰ ਜੇ ਤੁਸੀਂ ਉਨ੍ਹਾਂ ਦੇ ਜੀਵਨ ਨੂੰ ਨੇੜਿਓਂ ਵੇਖਦੇ ਹੋ, ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਬਹੁਤ ਕੁਰਬਾਨੀ ਦੇ ਕੇ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕਰਦੇ ਹੋਏ, ਪ੍ਰਮੇਸ਼ਵਰ ਨੇ ਉਨ੍ਹਾਂ ਨੂੰ



ਉਠਾਇਆ। ਜੋ ਕੁਝ ਪ੍ਰਭੂ ਆਖਦਾ ਹੈ, ਉਹ ਪੂਰਾ ਵੀ ਕਰੇਗਾ। "...ਧੰਨ ਹੋਵੇ ਇਸਰਾਏਲ ਦਾ ਯਹੋਵਾਹ ਪਰਮੇਸ਼ੁਰ, ਜਿਸ ਨੇ ਆਪਣੇ ਹੱਥਾਂ ਨਾਲ ਉਹ ਗੱਲ ਪੂਰੀ ਕੀਤੀ ਜੋ ਉਸਨੇ ਆਪਣੇ ਮੂੰਹ ਨਾਲ ਕਹੀ ਸੀ..." (2 ਇਤਹਾਸ 6:4)।

"...ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਨਾ ਚਾਹੁੰਦਾ ਹੈ, ਉਹ ਤੁਹਾਡਾ ਕਾਮਾ ਬਣੇ" (ਮੱਤੀ 20:27)। ਜੇ ਕੋਈ ਪਹਿਲਾ ਬਣਨਾ ਚਾਹੁੰਦਾ ਹੈ, ਤਾਂ ਉਹ ਤੁਹਾਡੀ ਸੇਵਾ ਕਰੇ, ਫਿਰ ਪ੍ਰਮੇਸ਼ਵਰ ਉਸਨੂੰ ਅਸੀਸ ਦੇਵੇਗਾ ਅਤੇ ਉਸਨੂੰ ਮਹਾਨ ਬਣਾਵੇਗਾ।

1969 ਵਿਚ ਮੈਂ ਤਮਿਲ ਮੈਗਜ਼ੀਨ 'ਵਰੁਗਾਈਯਿਨ ਬੂਥਨ' ਦੇ ਸੰਪਾਦਕ ਬ੍ਰ. ਐਸ ਦੇਵਦਾਸਨ, ਦੇ ਅਧੀਨ ਕੰਮ ਕਰ ਰਿਹਾ ਸੀ। ਜਦੋਂ ਮੈਂ ਡਿਊਟੀ ਜੁਆਇਨ ਕੀਤੀ ਤਾਂ ਮੇਰਾ ਸਭ ਤੋਂ ਪਹਿਲਾ ਕੰਮ ਦਫ਼ਤਰ ਨੂੰ ਅਤੇ ਅੰਦਰ ਪਏ ਮੇਜ਼ਾਂ ਨੂੰ ਸਾਫ਼ ਕਰਨਾ ਸੀ। ਬਿਨਾਂ ਕਿਸੇ ਝਿਜਕ ਦੇ, ਮੈਂ ਖੁਸ਼ੀ ਨਾਲ ਕੰਮ ਸਵੀਕਾਰ ਕਰ ਲਿਆ। ਮੈਂ ਦਫਤਰ ਦਾ ਫਰਸ਼ ਵੀ ਬੁਹਾਰਿਆ। ਦਿਨ ਬੀਤ ਗਏ, ਮਹੀਨੇ ਬੀਤ ਗਏ, ਸਾਲ ਬੀਤ ਗਏ ਮੈਂ ਆਪਣਾ ਕੰਮ ਜਾਰੀ ਰੱਖਿਆ। ਇੱਕ ਦਿਨ ਸੰਪਾਦਕ ਨੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਅਤੇ ਆਪਣੇ ਦਫ਼ਤਰ ਦੀ ਚਾਬੀ ਮੇਰੇ ਹਵਾਲੇ ਕਰ ਦਿੱਤੀ ਅਤੇ ਕਿਹਾ, "ਪ੍ਰਮੇਸ਼ਵਰ ਦਾ ਆਤਮਾ ਤੁਹਾਡੇ ਉੱਤੇ ਹੈ, ਤੁਸੀਂ ਹਰ ਚੀਜ਼ ਵਿੱਚ ਹੁਸ਼ਿਆਰ ਹੋ" ਪ੍ਰਮੇਸ਼ਵਰ ਨੇ ਮੈਨੂੰ ਉੱਚਾ ਚੁੱਕਣ ਲਈ ਸੰਪਾਦਕ ਦੇ ਮਨ ਨਾਲ ਗੱਲ ਕੀਤੀ। ਉਸ ਦਾ ਮਸਹ ਅਤੇ ਪਿਆਰ ਮੇਰੇ ਉੱਤੇ ਆਇਆ ਅਤੇ ਮੈਂ ਰੱਬ ਦਾ ਸੇਵਕ ਬਣ ਗਿਆ। ਸਾਨੂੰ ਸੇਵਾ ਦੀ ਭਾਵਨਾ ਨਾਲ ਭਰਪੂਰ ਹੋਣਾ ਚਾਹੀਦਾ ਹੈ।

ਅੱਜਕੱਲ੍ਹ ਬਹੁਤ ਸਾਰੇ ਲੋਕ ਮਹਾਨ ਪ੍ਰਚਾਰਕ ਅਤੇ ਆਗੂ ਬਣਨ ਲਈ ਅੱਗੇ ਆਉਂਦੇ ਹਨ। ਪਰ ਉਹ ਪਰਮੇਸ਼ੁਰ ਦੇ ਇੱਕ ਚੰਗੇ ਸੇਵਕ ਦੇ ਅਧੀਨ ਸਿਖਲਾਈ ਪ੍ਰਾਪਤ ਕਰਨ ਲਈ ਤਿਆਰ ਨਹੀਂ ਹਨ। ਅਧਿਆਤਮਿਕ ਜੀਵਨ ਦੇ ਸੱਚੇ ਪੜਾਵਾਂ ਨੂੰ ਜਾਣੇ ਬਿਨਾਂ ਹੀ ਬਹੁਤ ਸਾਰੇ ਲੋਕ ਸਤਿਕਾਰਯੋਗ, ਡਾਕਟਰ, ਬਿਸ਼ਪ, ਪਾਦਰੀ, ਰੱਬ ਦੇ ਗਿਫਟਡ ਮੈਨ, ਇੰਟਰਨੈਸ਼ਨਲ ਸਪੀਕਰ ਆਦਿ ਵਜੋਂ ਅਖਵਾਉਣਾ ਚਾਹੁੰਦੇ ਹਨ, ਅਜਿਹੇ ਲੋਕ ਜਲਦੀ ਹੀ ਕਿਸੇ ਪਰਤਾਵੇ, ਮੁਸ਼ਕਲ ਜਾਂ ਦੁੱਖ ਵਿੱਚ ਫਸ ਜਾਂਦੇ ਹਨ ਅਤੇ ਆਪਣੇ ਆਪ ਨੂੰ ਗੁਆ ਲੈਂਦੇ ਹਨ। ਲੋੜ ਹੈ ਕਿ ਹਰ ਕੋਈ ਪ੍ਰਮੇਸ਼ਵਰ ਦੇ ਪਵਿੱਤਰ ਅਤੇ ਆਤਮਿਕ ਸੇਵਕ ਦੇ ਅਧੀਨ ਕੰਮ ਕਰੇ, ਉਸ ਦੇ ਉੱਤਮ ਚਰਿੱਤਰ, ਆਦਤਾਂ ਅਤੇ ਰੱਬੀ ਸੁਭਾਅ ਨੂੰ ਸਿੱਖੇ ਅਤੇ ਉਨ੍ਹਾਂ ਚੰਗੇ ਗੁਣਾਂ ਦੀ ਪਾਲਣਾ ਕਰੇ।

ਪ੍ਰਭੂ ਦੀ ਸੇਵਾ ਦੇ ਆਪਣੇ ਜੀਵਨ ਵਿੱਚ, ਮੈਂ ਸਵਰਗੀ ਪਾਦਰੀ ਐਸ. ਦੇਵਦਾਸਨ (ਵਰੁਗਾਈਇਨ ਬੂਥਨ) ਤੋਂ ਹੇਠਾਂ ਦਿੱਤੇ ਤਿੰਨ ਚੰਗੇ ਗੁਣ ਸਿੱਖੇ:

### (ੳ) ਸਮੇਂ ਦੀ ਪਾਬੰਦਤਾ:

ਖੋਈ ਵੀ ਕੰਮ 'ਪਹਿਲ' ਦੇ ਪਹਿਲ ਦੇ ਅਧਾਰ 'ਤੇ ਸਹੀ ਸਮੇਂ 'ਤੇ ਕਰਨਾ ਹੁੰਦਾ ਹੈ। ਜਦੋਂ ਵੀ ਅਸੀਂ ਆਪਣਾ ਫਰਜ਼ ਨਿਭਾਉਣ ਜਾਂਦੇ ਹਾਂ, ਸਾਨੂੰ ਕੁਦਰਤ ਦੀਆਂ ਸੰਭਾਵਿਤ ਰੁਕਾਵਟਾਂ ਜਿਵੇਂ ਕਿ ਮੀਂਹ ਜਾਂ ਹਨੇਰੀ ਅਤੇ ਟ੍ਰੈਫਿਕ ਰੁਕਾਵਟ ਨੂੰ ਹਮੇਸ਼ਾ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਇਸ ਲਈ ਸਾਨੂੰ ਕੁਝ ਸਮਾਂ

(ਚਲਦਾ ਸਫਾ 6 ਤੇ)

नहेम्याह बाइबल कॉलेज
रेसिडेन्शल कॉलेज, चेन्नई।
माध्यमः हिन्दी
*सदस्यता के लिए पंजीकृत उम्मीदवार* - ATA
सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान
सर्टिफिकेट इन थियोलॉजी – 1 साल
डिप्लोमा ऑफ थियोलॉजी – 2 साल
योग्यता 10 वी या अधिक जल्दी करें!
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org
★ ऑनलाइन कक्षाएं उपलब्ध हैं ★

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) ਵੰਡਣਾ (ਗਲਾਤੀਆਂ ੬:੨)
SUPPORT (Romans 12:13) ਸਹਾਇਤਾ ਕਰਨਾ(ਰੋਮੀਆਂ ੧੨:੧੩)
SPEEDUP (II Timothy 1:6 ਤੇਜੀ ਕਰਨਾ (੨ਤਿਮੋਥੀਅਸ ੧:੬)

### 19 ਸਤੰਬਰ 2022 ਤੋਂ 18 ਅਕਤੂਬਰ 2022 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਸਤੰਬਰ: 1969 ਤੋਂ ਮੈਗਜ਼ੀਨ ਸੇਵਕਾਈ ਪ੍ਰਤੀ ਸਾਡੀ ਵਚਨਬੱਧਤਾ 'ਤੇ ਉਸਦੀ ਅਸੀਸ ਲਈ।

20 ਸਤੰਬਰ: ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਲਈ ਨਵੇਂ ਵਿਦਿਆਰਥੀ ਪ੍ਰਦਾਨ ਕਰਨ ਲਈ।

21 ਸਤੰਬਰ: ਸਾਡੀ ਪ੍ਰਿੰਟਿੰਗ ਪ੍ਰੈਸ ਵਿੱਚ 16 ਭਾਸ਼ਾਵਾਂ ਵਿੱਚ ਮੈਗਜ਼ੀਨ ਨੂੰ ਛਾਪਣ, ਪ੍ਰਕਾਸ਼ਿਤ ਕਰਨ ਅਤੇ ਮਿਸ਼ਨ ਖੇਤਰਾਂ ਵਿੱਚ ਭੇਜਣ ਦੇ ਯੋਗ ਬਣਾਉਣ ਲਈ।

22 ਸਤੰਬਰ: ਸਾਡੇ ਵਰਕਰਾਂ ਦੇ ਪਰਿਵਾਰਾਂ ਉੱਤੇ ਬਰਕਤਾਂ ਦੀ ਵਰਖਾ ਕਰਨ ਲਈ।

23 ਸਤੰਬਰ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਮਹਾਨ ਆਦੇਸ਼ ਸਹਿਭਾਗੀਆਂ, ਅਤੇ ਉਹਨਾਂ ਦੇ ਪਰਿਵਾਰਾਂ ਲਈ।

24 ਸਤੰਬਰ: ਸਾਡੇ ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥੀਓਲੋਜ਼ੀਕਲ ਪੱਤਰ ਵਿਹਾਰ ਕੋਰਸ ਦੇ ਵਾਧੇ ਲਈ।

25 ਸਤੰਬਰ: ਸਾਡੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਅਸੀਸਾਂ ਲਈ।

26 ਸਤੰਬਰ: ਸਾਡਾ ਮੁੱਖ ਚਰਚ, ਬ੍ਰਾਂਚ ਚਰਚ ਅਤੇ ਇਸਦੇ ਵਿਸ਼ਵਾਸੀਆਂ ਲਈ।

27 ਸਤੰਬਰ: ਸਾਡੇ ਪ੍ਰਕਾਸ਼ਨ ਮੰਤਰਾਲੇ ਲਈ ਨਵੇਂ ਐਸੋਸੀਏਟ ਐਡੀਟਰ, ਰੈਵ. ਡਾ. ਕੇ.ਆਰ. ਰਾਜਸ਼ੇਖਰਨ ਪ੍ਰਦਾਨ ਕਰਨ ਲਈ।

28 ਸਤੰਬਰ: ਸਾਡੇ ਸੇਂਟ ਪਾਲ ਮੈਟ੍ਰਿਕ ਸਕੂਲ ਦੇ ਪ੍ਰਿੰਸੀਪਲ, ਅਧਿਆਪਕ ਅਤੇ ਹੋਰ ਸਟਾਫ ਮੈਂਬਰਾਂ ਲਈ।

29 ਸਤੰਬਰ: ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਟਾਫ਼ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ।

30 ਸਤੰਬਰ: ਜੁਲਾਈ ਦੇ ਮਹੀਨੇ ਵਿੱਚ ਸਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ।

01 ਅਕਤੂਬਰ: ਸਾਨੂੰ ਨਿਯਮਿਤ ਤੌਰ 'ਤੇ ਥੀਓਲੋਜ਼ੀਕਲ ਸੈਮੀਨਾਰ ਕਰਵਾਉਣ ਦੇ ਯੋਗ ਬਣਾਉਣ ਲਈ।

02 ਅਕਤੂਬਰ: ਸਾਡੇ ਸੀਨਿਅਰ ਪਾਸਟਰ ਦੇ ਅਲੱਗ ਅਲੱਗ ਸੇਵਕਾਈਆਂ ਰਾਹੀਂ ਖੁਸ਼ਖਬਰੀ ਦਾ ਪ੍ਰਚਾਰ ਕਰਨ ਦੀ ਆਪਣੀ ਵਚਨਬੱਧਤਾ ਲਈ।

03 ਅਕਤੂਬਰ: ਸਾਡੇ ਚਰਚ ਵਿੱਚ ਨਵੇਂ ਵਿਸ਼ਵਾਸੀ ਪ੍ਰਦਾਨ ਕਰਨ ਲਈ।

## ਪ੍ਰਾਰਥਨਾ ਦੇ ਮੁੱਦੇ

04 ਅਕਤੂਬਰ: ਸਾਰੀਆਂ ਕੌਮਾਂ ਦੇ ਵਿਸ਼ਵਾਸੀਆਂ ਅੰਦਰ ਪਰਮੇਸ਼ੁਰ ਪ੍ਰਤੀ ਵਿਸ਼ਵਾਸਯੋਗਤਾ ਲਈ।

05 ਅਕਤੂਬਰ: ਸਾਡੀ ਸੰਸਥਾ, ਸਾਰੇ ਸਟਾਫ਼ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਬਰਕਤ ਲਈ।

06 ਅਕਤੂਬਰ: ਸਾਡੇ ਸੀਨੀਅਰ ਪਾਦਰੀ ਵੱਲੋਂ ਆਪਣੀ ਸਵੈ-ਜੀਵਨੀ ਲਿਖਣ ਦੇ ਚੱਲ ਰਹੇ ਕੰਮ ਲਈ।

07 ਅਕਤੂਬਰ: ਸਾਰੇ ਧਰਮਾਂ ਅਤੇ ਦੇਸ਼ਾਂ ਵਿਚਕਾਰ ਏਕਤਾ ਲਈ।

08 ਅਕਤੂਬਰ: ਸਾਡੇ ਸੇਂਟ ਪੌਲ ਮੈਟ੍ਰਿਕ ਸਕੂਲ (ਵਿਲੇਜ ਹਾਈ ਸਕੂਲ) ਵਿੱਚ ਨਵੇਂ ਵਿਦਿਆਰਥੀ ਦੇ ਦਾਖਲੇ ਲਈ।

09 ਅਕਤੂਬਰ: ਸਾਡੇ ਸਗਿਭਾਗੀਆਂ, ਰਾਜ ਕੋਆਰਡੀਨੇਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ।

10 ਅਕਤੂਬਰ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਦੀ ਬਰਕਤ ਲਈ।

11 ਅਕਤੂਬਰ: ਦੁਨੀਆ ਭਰ ਦੇ ਲੋਕਾਂ ਦੀ ਸੁਰੱਖਿਆ ਲਈ।

12 ਅਕਤੂਬਰ: ਇਸ ਮਹੀਨੇ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ।

13 ਅਕਤੂਬਰ: ਹਰ ਨਸ਼ੇੜੀ ਅਤੇ ਬੁਰਾਈ ਕਰਨ ਵਾਲੇ ਦੇ ਤੌਬਾ ਕਰਨ ਲਈ।

14 ਅਕਤੂਬਰ: ਸੰਸਾਰ ਦੀਆਂ ਸਭ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ।

15 ਅਕਤੂਬਰ: ਧਰਤੀ ਉੱਤੇ ਉਸਦੇ ਰਾਜ ਨੂੰ ਸਥਾਪਿਤ ਕਰਨ ਲਈ ਸਭ ਨੂੰ ਕੇਂਦਰਿਤ ਦਰਸ਼ਨ ਮਿਲਣ ਲਈ।

16 ਅਕਤੂਬਰ: ਬੁਲਾਵੇ ਦੀ ਗੂੰਜ ਦੇ ਜਵਾਨਾਂ ਅਰ ਆਊਟਰੀਚ ਸੇਵਕਾਈ ਲਈ।

17 ਅਕਤੂਬਰ: ਸਾਨੂੰ ਭਾਰਤ ਦੇ ਅਪਹੁੰਚੇ ਲੋਕਾਂ ਤੱਕ ਪੁੱਜਣ ਦੇ ਯੋਗ ਬਣਾਉਣ ਲਈ।

18 ਅਕਤੂਬਰ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਦੀ ਚੰਗੀ ਸਿਹਤ ਲਈ।

ਕਿਰਪਾ ਕਰਕੇ ਮੁੱਖ ਦਫ਼ਤਰਾਂ ਵਿੱਚ ਸਾਡੇ ਮੰਤਰਾਲਿਆਂ ਲਈ ਪ੍ਰਾਰਥਨਾ ਕਰੋ

(ਸਫਾ 4 ਤੋਂ ਚਲਦਾ-)

ਪਹਿਲਾਂ ਚੱਲਣਾ ਚਾਹੀਦਾ ਹੈ। ਸਾਨੂੰ ਕੰਮ ਵਾਲੀ ਥਾਂ ਜਾਂ ਚਰਚ ਵਿਚ ਕਦੇ ਵੀ ਦੇਰ ਨਹੀਂ ਕਰਨੀ ਚਾਹੀਦੀ। ਜੇ ਅਸੀਂ ਲੇਟ ਹਾਂ ਤਾਂ ਸਾਨੂੰ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਵੇਗਾ।

## (ਅ) ਜ਼ਿੰਮੇਵਾਰੀ:

ਸਾਧਾਰਨ ਕੰਮ ਵੀ ਪੂਰੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਕਰਨਾ ਚਾਹੀਦਾ ਹੈ। ਹਰ ਕੰਮ ਪੂਰੀ ਸਿੱਧਤਾ ਨਾਲ ਕਰਨਾ ਚਾਹੀਦਾ ਹੈ। ਇੱਕ ਤਾਮਿਲ ਕਹਾਵਤ ਦੇ ਅਨੁਸਾਰ, 'ਜੋ ਲੋਕ ਜ਼ਿੰਮੇਵਾਰ ਅਹੁਦਿਆਂ 'ਤੇ ਹਨ, ਉਨ੍ਹਾਂ ਨੂੰ ਉਨ੍ਹਾਂ 'ਤੇ ਨਿਰਭਰ ਲੋਕਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇਹ ਉਪਦੇਸ਼ ਹੈ:

(1) ਅਸੀਂ ਜੋ ਵੀ ਕਰਦੇ ਹਾਂ, ਸਾਨੂੰ ਆਪਣੇ ਪੂਰੇ ਗਿਆਨ ਅਤੇ ਬੁੱਧੀ ਦੀ ਵਰਤੋਂ ਕਰਨੀ ਚਾਹੀਦੀ ਹੈ।

(2) ਸਾਨੂੰ ਆਪਣੀ ਕੁਸ਼ਲਤਾ, ਗਿਆਨ ਅਤੇ ਪਰਮੇਸ਼ੁਰ ਦੇ ਡਰ ਦੀ ਵਰਤੋਂ ਕਰਦੇ ਹੋਏ ਵਿਸ਼ਵਾਸ ਨਾਲ ਹਰ ਕੰਮ ਕਰਨਾ ਚਾਹੀਦਾ ਹੈ।

ਮਿਸਾਲ ਲਈ, ਕਈਆਂ ਨੂੰ ਇਹ ਦੇਖਣ ਦੀ ਆਦਤ ਨਹੀਂ ਹੁੰਦੀ ਕਿ ਉਨ੍ਹਾਂ ਨੇ ਖ਼ੁਦ ਕੀ ਕੀਤਾ ਹੈ। ਉਹ ਆਪਣੇ ਕੰਮ ਦੀ ਚਿੰਤਾ ਨਹੀਂ ਕਰਦੇ। ਇਹ ਲੋਕ ਸੋਚਦੇ ਹਨ, "ਜੇਕਰ ਮੇਰੇ ਤੋਂ ਉੱਪਰਲੇ ਲੋਕ ਮੇਰੀਆਂ ਗਲਤੀਆਂ ਦਾ ਪਤਾ ਲਗਾਉਣ ਵਿੱਚ ਮਾਹਿਰ ਹਨ, ਤਾਂ ਮੈਂ ਉਨ੍ਹਾਂ ਨੂੰ ਬਾਅਦ ਵਿੱਚ ਸੁਧਾਰ ਸਕਦਾ ਹਾਂ"। ਇਹ ਇੱਕ ਖ਼ਤਰਨਾਕ ਰੁਝਾਨ ਹੈ। ਸਾਡੇ ਕੋਲ ਸਭ ਕੁਝ ਸਹੀ ਢੰਗ ਨਾਲ ਕਰਨ ਦਾ ਜ਼ਮੀਰ ਹੋਣਾ ਚਾਹੀਦਾ ਹੈ। ਜੇਕਰ ਕੁਈ ਵੀ ਗਲਤੀ ਹੁੰਦੀ ਹੈ ਤਾਂ ਸਾਨੂੰ ਇਸ 'ਤੇ ਸ਼ਰਮ ਮਹਿਸੂਸ ਕਰਨੀ ਚਾਹੀਦੀ ਹੈ ਅਤੇ ਇਹ ਨਿਸ਼ਚਾ ਕਰਨਾ ਚਾਹੀਦਾ ਹੈ ਕਿ ਅਜਿਹੀਆਂ ਚੀਜ਼ਾਂ ਦੁਬਾਰਾ ਨਾ ਹੋਣ।

## (ੲ) ਸ਼ਮੂਲੀਅਤ:

ਹਰ ਫਰਜ਼ ਨਿੱਜੀ ਅਹਿਸਾਸ ਨਾਲ ਨਿਭਾਉਣਾ ਪੈਂਦਾ ਹੈ। ਜੇ ਤੁਸੀਂ ਸੋਚਦੇ ਹੋ, "ਇਹ ਮੇਰਾ ਕੰਮ ਨਹੀਂ ਹੈ; ਇਹ ਮੇਰੀ ਨਿੱਜੀ ਜਾਇਦਾਦ ਨਹੀਂ ਹੈ; ਮੈਨੂੰ ਇਸਦੇ ਲਾਭ ਜਾਂ ਨੁਕਸਾਨ ਨਾਲ ਫਰਕ ਨਹੀਂ ਪੈਂਦਾ" ਤਾਂ ਤੁਸੀਂ ਨਿਸ਼ਚਤ ਤੌਰ 'ਤੇ ਅਸਫਲ ਹੋਵੋਗੇ।

ਤੁਸੀਂ ਇੱਕ ਸਫ਼ਾਈ ਕਰਨ ਵਾਲੇ ਜਾਂ ਕਿਸੇ ਸੰਸਥਾ ਵਿੱਚ ਉੱਚੇ ਅਹੁਦੇ 'ਤੇ ਬੈਠੇ ਵਿਅਕਤੀ ਹੋ ਸਕਦੇ ਹੋ। ਸਿਰਫ਼ ਫ਼ਰਜ਼ ਦੀ ਖ਼ਾਤਰ ਡਿਊਟੀ ਨਿਭਾਉਣ ਦੀ ਬਜਾਏ, ਤੁਹਾਨੂੰ ਆਪਣੇ ਕੰਮ ਵਿੱਚ ਦਿਲਚਸਪੀ ਦਿਖਾਉਣੀ ਚਾਹੀਦੀ ਹੈ ਅਤੇ ਆਪਣੇ ਪੂਰੇ ਦਿਲ ਅਤੇ ਰੂਹ ਨਾਲ ਉਹ ਕੰਮ ਕਰਨਾ ਚਾਹੀਦਾ ਹੈ। ਫਿਰ ਤੁਸੀਂ ਆਪਣੇ ਜੀਵਨ ਵਿੱਚ ਉੱਚਾ ਉੱਠੋਗੇ। ਬਜ਼ੁਰਗਾਂ ਤੋਂ ਸਿੱਖਣ ਲਈ ਹਮੇਸ਼ਾ ਤਿਆਰ ਰਹਿਣਾ ਚੰਗਾ ਹੈ।

## 3. ਯਹੋਸ਼ੂਆ, ਅਧਿਕਾਰ ਦੁਆਰਾ ਬੰਨ੍ਹਿਆ ਹੋਇਆ

ਅਮਾਲੇਕੀ ਆਏ ਅਤੇ ਰਫੀਦੀਮ ਵਿੱਚ ਇਸਰਾਏਲ ਨਾਲ ਲੜੇ (ਕੂਚ 17:8)। ਮੂਸਾ ਨੇ ਯਹੋਸ਼ੁਆ ਨੂੰ ਕੁਝ ਆਦਮੀਆਂ ਨੂੰ ਲੈ ਕੇ ਅਮਾਲੇਕੀਆਂ ਨਾਲ ਲੜਨ ਲਈ ਕਿਹਾ। ਯਹੋਸ਼ੁਆ ਤੁਰੰਤ ਜੰਗ ਦੇ ਮੈਦਾਨ ਵਿੱਚ ਗਿਆ ਅਤੇ ਮੂਸਾ ਦੇ ਹੁਕਮ ਦੀ ਪਾਲਣਾ ਕੀਤੀ। ਬਹੁਤ ਸਾਰੇ ਲੋਕ ਅਜਿਹੇ ਹਨ ਜੋ ਆਪਣੇ ਤੋ ਉੱਪਰ ਵਾਲਿਆਂ ਦਾ ਜਾਂ ਖੁਦ ਪ੍ਰਮੇਸ਼ਵਰ ਦਾ ਕਹਿਣਾ ਨਹੀਂ ਮੰਨਦੇ! ਸਿਰਫ਼ ਉਹ ਲੋਕ, ਜੋ ਆਪਣੇ ਉੱਚ ਅਧਿਕਾਰੀਆਂ ਅਤੇ ਪਰਮੇਸ਼ੁਰ ਪ੍ਰਤੀ ਆਗਿਆਕਾਰ ਹਨ, ਚੰਗੇ ਆਗੂ ਬਣ ਸਕਦੇ ਹਨ ਅਤੇ ਅਧਿਕਾਰ ਦੀ ਵਰਤੋਂ ਕਰ ਸਕਦੇ ਹਨ। ਯਹੋਸ਼ੁਆ ਨੇ ਅਧਿਕਾਰ ਦਾ ਆਦਰ ਕੀਤਾ। ਜਦੋਂ ਮੂਸਾ ਨੇ ਉਸਨੂੰ ਜੰਗ ਵਿੱਚ ਜਾਣ ਲਈ ਕਿਹਾ, ਤਾਂ ਉਹ ਤੁਰੰਤ ਜੰਗ ਦੇ ਮੈਦਾਨ ਵਿੱਚ ਚਲਾ ਗਿਆ। ਉਸ ਨੇ ਇਹ ਕਹਿ ਕੇ ਦਿੱਤੇ ਗਏ ਕੰਮ ਤੋਂ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸ ਕੋਲ ਸਿਪਾਹੀ ਬਣਨ ਦੀ ਕੋਈ ਸਿਖਲਾਈ ਨਹੀਂ ਹੈ। ਉਸ ਨੇ ਤੁਰੰਤ ਹੁਕਮ ਮੰਨ ਲਿਆ।

## 4. ਯਹੋਸ਼ੂਆ ਨੇ ਮਿਲਾਪ ਦੇ ਤੰਬੂ ਵਿੱਚ ਸੇਵਾ ਕੀਤੀ

ਯਹੋਸ਼ੁਆ ਇੱਕ ਚੰਗਾ ਆਗੂ ਸੀ। ਪ੍ਰਭੂ ਦਾ ਪਿਆਰਾ ਸੀ। ਯਹੋਸ਼ੁਆ ਮਿਲਾਪ ਦੇ ਤੰਬੂ (ਪਰਮੇਸ਼ੁਰ ਦੇ ਮੰਦਰ) ਨੂੰ ਪਿਆਰ ਕਰਦਾ ਸੀ। ਉਹ ਮਿਲਾਪ ਦੇ ਤੰਬੂ ਵਿੱਚ ਰਹਿੰਦਾ ਸੀ। "...ਨੂਨ ਦਾ ਪੁੱਤਰ ਯਹੋਸ਼ੁਆ, ਇੱਕ ਗੱਭਰੂ, ਤੰਬੂ ਦੇ ਵਿੱਚੋਂ ਨਾ ਹਿੱਲਦਾ ਸੀ" (ਕੂਚ 33:11)। ਪਰਮੇਸ਼ੁਰ ਉਨ੍ਹਾਂ ਲੋਕਾਂ ਨੂੰ ਉੱਚਾ ਕਰਦਾ ਹੈ ਜੋ ਚਰਚ ਅਤੇ ਚਰਚ ਦੀਆਂ ਵੱਖ-ਵੱਖ ਸੇਵਕਾਈਆਂ ਨੂੰ ਪਿਆਰ ਕਰਦੇ ਹਨ। ਪਾਸਟਰਾਂ ਨੂੰ ਲੋਕਾਂ ਨੂੰ ਚਰਚ ਵਿਚ ਆਉਣ ਲਈ ਸਖ਼ਤੀ ਨਾਲ ਕਹਿਣਾ ਚਾਹੀਦਾ ਹੈ।

(ਚਲਦਾ ਸਫਾ 9 ਤੇ-)


**ਨਹਮਯਾਹ ਬਾਈਬਲ ਸ਼ਾਮ ਦਾ ਕਾਲਜ**

ਚੇਪੌਕ ਅਤੇ ਸੰਤੋਸ਼ਪੁਰਮ, ਚੈਨਈ

ਮਾਧਿਅਮ- ਤਾਮਿਲ

*Registered Candidate for Membership*
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ- ਸਾਂਮ/ ਰਿਹਾਇਸ਼ੀ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੂਸ ਮੈਟ੍ਰੀਕੂਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂ.ਲ : ਸਵੇਰੇ 8.30 ਅਤੇ ਸ਼ਾਮ 4 ਵਜੇ
13. ਤਾਮਿਲ ਸਭਾ : ਸਵੇਰੇ 9.00 ਐਤਵਾਰ
14. ਹਿੰਦੀ : ਸ਼ਾਮ 4.00 ਐਤਵਾਰ
15. ਤੇਲਗੂ ਸਭਾ : ਸ਼ਾਮ 5.00 ਐਤਵਾਰ
16. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
17. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
18. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
19. ਮੱਧ ਹਫਤੇ ਵਿੱਚ ਬਾਈਬਲ ਅਧਿਅਨ : ਸ਼ਾਮ 6.30 ਬੁੱਧਵਾਰ
20. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
21. ਚੇਲੇਪਨ ਦੀ ਸਭਾ : ਸ਼ਾਮ 5.00 ਸ਼ਨੀਵਾਰ
22. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
23. ਖਾਸ ਪ੍ਰਭੂ ਭੋਜ : ਸਵੇਰੇ 6.00 ਹਰ ਮਹੀਨੇ ਦੇ ਪਹਿਲੇ ਦਿਨ
24. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
25. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
26. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
27. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
28. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
29. ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
30. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
31. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
Echo of His Call, Post Box 2957
CHEPAUK, CHENNAI - 600 005.
Ph.: (044) 2852 8282, 2852 9293, 2854 7766,
Cell : 98410 71852, 95661 31858
E.mail : biblecor@yahoo.co.in

## ਬੁਲਾਵੇ ਦੀ ਗੂੰਜ ਮਹੀਨੇਵਾਰ ਮੈਗਜ਼ੀਨ ਮੁਫ਼ਤ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ

ਜੇਕਰ ਤੁਸੀਂ ਆਪਣੇ ਮਿੱਤਰਾਂ/ ਰਿਸ਼ਤੇਦਾਰਾਂ ਦਾ ਪਤਾ ਸਾਨੂੰ ਡਾਕ, ਪੱਤਰ, ਈ-ਮੇਲ, ਵੱਟਸਐਪ ਜਾਂ ਫ਼ੋਨ ਰਾਹੀਂ ਭੇਜੋ ਤਾਂ ਬੁਲਾਵੇ ਦੀ ਗੂੰਜ ਮੈਗਜ਼ੀਨ ਹਰ ਮਹੀਨੇ ਉਨ੍ਹਾਂ ਨੂੰ ਮੁਫ਼ਤ ਭੇਜਾਂਗੇ।

ਸੰਪਾਦਕ

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਂਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

## ਮੇਰੀ ਜਵਾਨੀ ਦਾ ਦੂਸਰਾ ਪਾਸਾ The other side of my youth!

ਮੇਰੀ ਜਵਾਨੀ ਵਿੱਚ ਪਰਮੇਸ਼ੁਰ ਅਤੇ ਉਸਦੇ ਰਾਜ ਦੀਆਂ ਗੱਲਾਂ ਨਾਲ ਮੇਰਾ ਦਿਲ ਬਹੁਤ ਜੁੜਿਆ ਹੋਇਆ ਸੀ। ਰੱਬ ਦਾ ਡਰ ਮੇਰੇ ਜੀਵਨ ਦਾ ਸਾਹ ਸੀ ਅਤੇ ਪ੍ਰਭੂ ਦੀ ਪਵਿੱਤਰਤਾ ਮੇਰੇ ਜੀਵਨ ਦਾ ਕੇਂਦਰ ਸੀ। ਮੇਰੇ ਦਿਲ ਵਿੱਚ ਉਸਦੇ ਉਦੇਸ਼ ਅਤੇ ਦੇਖਭਾਲ ਨੂੰ ਗੁਆਏ ਬਿਨਾਂ, ਪਰਮਾਤਮਾ ਨੇ ਮੇਰੀ ਅਗਵਾਈ ਕੀਤੀ। ਮੇਰਾ ਮਨ ਰੱਬੀ ਮਾਮਲਿਆਂ ਵਿੱਚ ਬਹੁਤ ਤਾਂਘ ਰੱਖਦਾ ਸੀ ਪਰ ਦੁਨਿਆਵੀ ਮਾਮਲਿਆਂ ਵਿਚ ਬਹੁਤ ਕਠੋਰ ਸੀ। ਮੇਰੀ ਪ੍ਰਾਰਥਨਾ ਜੀਵਨ ਵੀ ਬਹੁਤ ਜਾਗਰੂਕ ਸੀ। ਇਨ੍ਹਾਂ ਸਭ ਤੋਂ ਵੱਧ, ਮੈਂ ਆਪਣੀ ਜ਼ਿੰਦਗੀ ਦੇ ਹਰ ਇਕ ਮਿੰਟ ਨੂੰ ਇੱਕ ਮਹਾਨ ਵਰਦਾਨ ਅਤੇ ਸਨਮਾਨ ਸਮਝਿਆ।

ਮੈਂ ਸਪੱਸ਼ਟ ਤੌਰ 'ਤੇ ਸਮਝ ਸਕਦਾ ਸੀ ਕਿ ਮੇਰੇ ਅੰਦਰਲੇ ਜਨੂੰਨ ਨੂੰ ਪੂਰਾ ਕਰਨ ਲਈ ਕੋਈ ਠੋਸ ਕੰਮ ਕਰਨ ਲਈ ਪ੍ਰਮੇਸ਼ਵਰ ਮੇਰੇ ਅੰਦਰ ਇੱਕ ਨਵਾਂ ਜੀਵ ਬਣਾ ਕੇ ਮੇਰੀਆਂ ਸਵੈ-ਇੱਛਾਵਾਂ ਨੂੰ ਨਸ਼ਟ ਕਰ ਰਿਹਾ ਸੀ। ਮੇਰੇ ਕੋਲ ਇੱਕ ਕੇਂਦਰਿਤ ਅਤੇ ਆਤਮਾ-ਨਿਯੰਤਰਿਤ ਮਾਰਗਦਰਸ਼ਨ ਸੀ, ਜਿਸ ਨੂੰ ਦੁਨੀਆਂ ਸਮਝ ਨਹੀਂ ਸਕਦੀ ਸੀ।

ਮਸੀਹ ਦੀ ਖੁਸ਼ਖਬਰੀ ਲੈਣ ਦੀ ਇੱਛਾ ਮੇਰੇ ਅੰਦਰ ਸਦਾ ਬਲ ਰਹੀ ਸੀ। ਇਸ ਲਈ ਮੇਰੇ ਨੇਲਾਰਾਇਕੋਨਮ ਪਿੰਡ ਸੀਐਸਆਈ ਚਰਚ ਦੇ ਸਮਾਨ ਸੋਚ ਵਾਲੇ ਦੋਸਤ, ਭਰਾ ਐਸ. ਅਬ੍ਰਾਹਮ, ਜੇ. ਅਲਬਰਟ ਦੇਵਦਾਸ, ਪੀ. ਸਮਰਾਜ, ਵਾਈ. ਥੰਗਾਮਨੀ, ਐਸ. ਪੌਲੁਸ, ਜੇ. ਜਾਰਜ ਰੌਬਿਨਸਨ, ਐਸ. ਬੈਨਸਨ ਜੇਸੁਦਾਸ, ਭੈਣਾਂ ਡੀ. ਬੇਬੀ ਸੁਸੀਲਾ, ਅਤੇ ਜੇ. ਕਨਗਮਲ ਮੇਰੇ ਨਾਲ ਸ਼ਾਮਲ ਹੋਏ। 10 ਅਗਸਤ 1969 ਨੂੰ ਪ੍ਰਮਾਤਮਾ ਦੀ ਕਿਰਪਾ ਨਾਲ 'ਗੁੱਡ ਨਿਊਜ਼ ਪ੍ਰੇਅਰ ਬੈਂਡ' ਦਾ ਜਨਮ ਹੋਇਆ। ਅਸੀਂ ਚਰਚਾਂ ਵਿੱਚ ਪ੍ਰਾਰਥਨਾ ਸਭਾਵਾਂ ਅਤੇ ਖੁਸ਼ਖਬਰੀ ਦੀਆਂ ਮੀਟਿੰਗਾਂ ਕੀਤੀਆਂ। ਕੋਸ਼ਿਸ਼ਾਂ ਦੇ ਨਤੀਜੇ ਵਜੋਂ, ਬਹੁਤ ਸਾਰੇ ਲੋਕ ਬਚ ਗਏ ਅਤੇ ਬਹੁਤ ਸਾਰੇ ਸੇਵਕਾਈ ਵਿਚ ਸ਼ਾਮਲ ਹੋਏ। ਇਸ ਸਮੇਂ, ਭਰਾ ਜੀ. ਜੇਆਨੰਦ ਪਾਲਮੋਨੀ, ਏ. ਸੇਲਵਾਰਾਜ, ਵੇਸਲੇ ਦੇਵਦਾਸਨ, ਜੌਹਨ ਰੋਸ਼ ਕਮਲਮ, ਅਤੇ ਜੇ. ਜੈਚੰਦਰਨ ਮੇਰੇ ਨਾਲ ਸੇਵਕਾਈ ਵਿਚ ਸ਼ਾਮਲ ਹੋਣ ਲਈ ਅੱਗੇ ਆਏ ਸਨ। ਮੈਂ ਹਾਰਮੋਨੀਅਮ ਵਜਾਉਂਦਾ ਸੀ, ਵੇਸਲੇ ਦੇਵਦਾਸਨ ਗਿਟਾਰਿਸਟ ਸੀ, ਡੇਵਿਡ ਰੇਜਿਨਾਲਡ ਅਤੇ ਜੌਹਨ ਰੋਸ਼ ਕਮਲਮ ਵਾਇਲਨਵਾਦਕ ਸਨ ਅਤੇ ਪੀ. ਸਮਰਾਜ ਨੇ ਬੋਂਗੋ ਵਜਾਇਆ ਸੀ। ਸੰਗੀਤਕ ਸਾਜ਼ਾਂ ਨਾਲ ਸਾਡੀ ਖੁਸ਼ਖਬਰੀ ਟੀਮ ਨੇ ਲੋਕਾਂ ਨੂੰ ਸਾਡੀਆਂ ਮੀਟਿੰਗਾਂ ਵੱਲ ਖਿੱਚਿਆ। ਸੁਰੀਲੇ ਗੀਤਾਂ ਦੇ ਨਾਲ ਅਸੀਂ ਲੋਕਾਂ ਨੂੰ ਖੁਸ਼ਖਬਰੀ ਦਾ ਮੁਫਤ ਵਿੱਚ ਪ੍ਰਚਾਰ ਕੀਤਾ। ਵਿਲੇਜ ਚਰਚ ਤੋਂ ਇਲਾਵਾ, ਅਸੀਂ ਥੁਕਲੇ, ਨੇਯੂਰ, ਉਦਯਰਵਿਲਈ, ਕੋਲਾਚਲ, ਕਰੁੰਗਲ, ਕੁਜ਼ੀਥੁਰਾਈ, ਮਾਰਥੰਡਮ, ਕਦਮਲਾਈਕੁੰਡਰੂ, ਨਾਗਰਕੋਇਲ, ਮੂਵਤਰੁਮੁਗਮ, ਪਾਲਿਆਡੀ, ਪੇਚੀਪਰਾਈ, ਕੋਧਯਾਰ, ਕੰਨਿਆਕੁਮਾਰੀ, ਮੁੱਟਮ 'ਤੇ ਅਤੇ ਹੋਰ ਥਾਵਾਂ 'ਤੇ ਖੁਸ਼ਖਬਰੀ ਦੀਆਂ ਮੀਟਿੰਗਾਂ ਕੀਤੀਆਂ। ਬਹੁਤ ਸਾਰੇ ਨੌਜਵਾਨਾਂ, ਬਜ਼ੁਰਗਾਂ ਅਤੇ ਬੱਚਿਆਂ ਨੇ ਮਸੀਹ ਨੂੰ ਆਪਣੇ ਜੀਵਨ ਦਿੱਤੇ। ਖ਼ਾਸਕਰ ਨੌਜਵਾਨਾਂ ਨੇ ਆਪਣੇ ਪਾਪੀ ਤਰੀਕਿਆਂ ਤੋਂ ਪਰਮੇਸ਼ੁਰ ਅੱਗੇ ਤੋਬਾ ਕੀਤੀ ਅਤੇ ਇੱਕ ਧਰਮੀ ਜੀਵਨ ਜੀਉਣ ਲਈ ਵਚਨਬੱਧਤਾ ਕੀਤੀ। ਬਹੁਤ ਸਾਰੇ ਬਿਮਾਰ ਲੋਕ ਠੀਕ ਹੋ ਗਏ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ। ਇਸ ਨਾਲ ਮੇਰੇ ਅੰਦਰ ਨਵਾਂ ਜੋਸ਼ ਆਇਆ; ਮੈਂ ਨੰਗੇ ਪੈਰੀਂ 15-20 ਮੀਲ ਪੈਦਲ ਚੱਲ ਕੇ ਟ੍ਰੈਕਟ ਵੰਡਣੇ ਸ਼ੁਰੂ ਕਰ ਦਿੱਤੇ। ਦੂਜਿਆਂ ਨੇ ਸੋਚਿਆ ਕਿ ਮੈਂ ਪਾਗਲ ਹੋ ਗਿਆ ਹਾਂ। ਪਰ ਮੇਰੇ ਮਾਤਾ-ਪਿਤਾ ਮੈਨੂੰ ਰੱਬੀ ਬੱਚਾ ਸਮਝਦੇ ਸਨ। ਭਾਵੇਂ ਮੇਰੀ ਸੇਵਕਾਈ ਦੇ ਸ਼ੁਰੂ ਵਿਚ ਪਰਮੇਸ਼ੁਰ ਦੇ ਕੰਮ ਲਈ ਦੂਸਰਿਆਂ ਤੋਂ ਕੋਈ



Bro. Wesley Devadasan
(Herald of His Coming)



Rev. John Rosh Kamalam
(Presbyter, Church of South India)



Rev. J. Jeyachandran
(Presbyter, Assembly of God)



Bro. David Reginald
(Lay Preacher)



ਅਨੁਕੂਲ ਸਥਿਤੀ ਅਤੇ ਸ਼ਲਾਘਾ ਨਹੀਂ ਮਿਲੀ, ਪਰ ਮੈਂ ਪ੍ਰਚਾਰ ਵਿਚ ਸਰਗਰਮ ਰਿਹਾ। ਅਜਿਹੀ ਸਥਿਤੀ ਵਿੱਚ ਪਰਮੇਸ਼ੁਰ ਨੇ ਛਾਪੇ ਹੋਏ ਪੰਨਿਆਂ ਰਾਹੀਂ ਮੇਰੀ ਸੇਵਕਾਈ ਦੇ ਅਗਲੇ ਪੱਧਰ ਤੱਕ ਮੇਰੀ ਅਗਵਾਈ ਕੀਤੀ।

(ਚਲਦਾ ਸਫਾ 6 ਤੋਂ)

ਪਰਮੇਸ਼ੁਰ ਚਰਚ ਦੇ ਇਕੱਠ ਨੂੰ ਪਿਆਰ ਕਰਦਾ ਹੈ. ਇੱਕ ਚਰਚ ਚੁਣ ਲਓ ਅਤੇ ਉਸਦੀਆਂ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲਓ। ਫਿਰ ਤੁਹਾਨੂੰ ਬਿਨਾਂ ਮੰਗੇ ਰੱਬ ਦੀ ਬਖਸ਼ਿਸ਼ ਮਿਲੇਗੀ।

ਅੱਜ, ਲੋਕਾਂ ਅੰਦਰ ਚਰਚ ਵਿੱਚ ਇਕੱਠੇ ਹੋਣ ਅਤੇ ਅਰਾਧਨਾ ਕਰਨ ਦੀ ਇੱਛਾ ਨਹੀਂ ਹੈ। ਕਈ ਵਾਰ ਰੱਬ ਦੇ ਮਸ਼ਹੂਰ ਸੇਵਕ ਵੀ ਲੋਕਾਂ ਨੂੰ ਚਰਚ ਜਾਣ ਲਈ ਉਤਸ਼ਾਹਿਤ ਨਹੀਂ ਕਰਦੇ। ਅਸੀਂ ਜਾਣਦੇ ਹਾਂ ਕਿ ਪ੍ਰਭੂ ਨੇ ਸਾਨੂੰ ਚਰਚ ਵਿੱਚ ਇਕੱਠੇ ਹੋਣ ਅਤੇ ਉਸਦੀ ਅਰਾਧਨਾ ਕਰਨ ਦਾ ਹੁਕਮ ਦਿੱਤਾ ਹੈ। ਪਰ ਮਸ਼ਹੂਰ ਪ੍ਰਚਾਰਕ ਐਤਵਾਰ ਨੂੰ ਟੀਵੀ ਚੈਨਲਾਂ 'ਤੇ ਪ੍ਰੋਗਰਾਮਾਂ ਦਾ ਪ੍ਰਸਾਰਣ ਕਰਦੇ ਹਨ ਜੋ ਆਪਣੇ ਅਤੇ ਆਪਣੇ ਸੇਵਕਾਈ ਲਈ ਵਧੇਰੇ ਸਮਰਥਕ ਹੋਣ ਦੇ ਇਰਾਦੇ ਨਾਲ ਪ੍ਰਚਾਰ ਕਰਦੇ ਹਨ। ਇਹ ਪ੍ਰਚਾਰਕ ਜਿਨ੍ਹਾਂ ਨੂੰ ਚਰਚ ਅਤੇ ਲੋਕਾਂ ਵਿਚਕਾਰ ਪੁਲ ਬਣਨਾ ਚਾਹੀਦਾ ਹੈ ਲੋਕਾਂ ਨੂੰ ਗੁਮਰਾਹ ਕਰਕੇ ਅਤੇ ਲੋਕਾਂ ਵਿੱਚ ਵੰਡੀਆਂ ਪਾ ਦਿੰਦੇ ਹਨ! ਬੇਸ਼ੱਕ, ਅਜਿਹੇ ਪ੍ਰੋਗਰਾਮ ਬਜ਼ੁਰਗਾਂ ਜਾਂ ਬਿਮਾਰਾਂ ਲਈ ਮਦਦਗਾਰ ਹੁੰਦੇ ਹਨ ਜੋ ਚਰਚ ਨਹੀਂ ਜਾ ਸਕਦੇ। ਉਹ ਘਰ ਰਹਿ ਸਕਦੇ ਹਨ ਅਤੇ ਦੇਖ ਸਕਦੇ ਹਨ, ਪਰੰਤੂ ਦੂਜਿਆਂ ਨੂੰ ਚਰਚ ਜਾਣਾ ਚਾਹੀਦਾ ਹੈ। ਪ੍ਰਚਾਰਕਾਂ ਨੂੰ ਸਾਰੇ ਤੰਦਰੁਸਤ ਵਿਸ਼ਵਾਸੀਆਂ ਨੂੰ ਬਿਨਾਂ ਨਾਗਾ ਚਰਚ ਆਉਣ ਲਈ ਕਹਿਣਾ ਚਾਹੀਦਾ ਹੈ।

## 5. ਯਹੋਸ਼ੂਆ - ਫੈਸਲੇ ਲੈਣ ਵਿੱਚ ਦ੍ਰਿੜ

ਨਾਜ਼ੁਕ ਸਮਿਆਂ 'ਤੇ, ਯਹੋਸ਼ੁਆ ਨੇ ਨਿਰਣਾਇਕ ਫੈਸਲੇ ਲਏ। ਪਰਮੇਸ਼ੁਰ ਉਨ੍ਹਾਂ ਨੂੰ ਉੱਚਾ ਕਰਦਾ ਹੈ ਜੋ ਚੰਗੇ ਫੈਸਲੇ ਲੈਂਦੇ ਹਨ। ਸਾਨੂੰ ਫੈਸਲਾ ਲੈਣ ਵਿੱਚ ਦ੍ਰਿੜ ਹੋਣਾ ਚਾਹੀਦਾ ਹੈ ਅਤੇ ਇਸ ਉੱਤੇ ਡਟੇ ਰਹਿਣਾ ਚਾਹੀਦਾ ਹੈ। ਪ੍ਰਮੇਸ਼ਵਰ ਅਜਿਹੇ ਲੋਕਾਂ ਨੂੰ ਉੱਚਾ ਕਰਦਾ ਹੈ।ਯਹੋਸ਼ੂਆ ਨੇ ਇਸਰਾਏਲ ਦੇ ਲੋਕਾਂ ਦੀ ਮੰਡਲੀ ਨੂੰ ਇਕੱਲੇ ਯਹੋਵਾਹ ਦੀ ਉਪਾਸਨਾ ਕਰਨ ਲਈ ਕਿਹਾ ਅਤੇ ਉਹ ਖੁਦ ਇੱਕ ਉਦਾਹਰਨ ਬਣਿਆ; "...ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਦੀ ਹੀ ਉਪਾਸਨਾ ਕਰਾਂਗੇ" (ਯਹੋਸ਼ੂਆ 24:15)। ਪ੍ਰਮੇਸ਼ਵਰ ਉਨ੍ਹਾਂ ਲੋਕਾਂ ਦੀ ਭਾਲ ਕਰ ਰਿਹਾ ਹੈ ਜੋ ਮਾਨਸਿਕ ਤੌਰ 'ਤੇ ਮਜ਼ਬੂਤ ਹੁੰਦੇ ਹਨ ਅਤੇ ਦਲੇਰੀ ਨਾਲ ਫੈਸਲੇ ਲੈਂਦੇ ਹਨ, ਅਤੇ ਉਸਦੇ ਨਾਲ ਖੜੇ ਹੁੰਦੇ ਹਨ।

ਇਸ ਤੋਂ ਇਲਾਵਾ, ਜਿਹੜੇ ਲੋਕ ਪ੍ਰਮੇਸ਼ਵਰ ਦੇ ਪ੍ਰਕਾਸ਼ ਨੂੰ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਸ਼ਰਮ ਨਾ ਕਰਦੇ ਹੋਏ ਹੋਰਾਂ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਅਰ ਨਤੀਜੇ ਦੀ ਪਰਵਾਹ ਨਾ ਕਰਕੇ ਅਤੇ ਲੋਕਾਂ ਨੂੰ ਪ੍ਰਭੂ ਦੀ ਸੇਵਾ ਕਰਨ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਅੱਜਕੱਲ੍ਹ ਬਿਨਾਂ ਦਰਸ਼ਣ, ਬਿਨਾਂ ਬੁਲਾਹਟ, ਬਿਨਾਂ ਵਿਸ਼ਵਾਸ, ਬਿਨਾਂ ਚੰਗੀ ਸਿੱਖਿਆ ਦੀਆਂ ਸੇਵਕਾਈਆਂ ਦੀ ਭਰਮਾਰ ਹੈ। ਇਸ ਲਈ ਅੱਜ ਉੱਧਾਰ ਨਾ ਪਾਏ ਹੋਏ ਵਿਸ਼ਵਾਸੀ ਵੀ ਵਧ ਰਹੇ ਹਨ।

ਸਾਨੂੰ ਜੀਵਨ ਵਿੱਚ ਕੇਵਲ ਪ੍ਰਮੇਸ਼ਵਰ ਉੱਤੇ ਹੀ ਨਿਰਭਰ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀ ਨਿਹਚਾ ਵਿੱਚ ਸਪੱਸ਼ਟ ਅਤੇ ਸੱਚਾ ਹੋਣਾ



ਚਾਹੀਦਾ ਹੈ। ਜਦੋਂ ਬਹੁਤ ਸਾਰੇ ਲੋਕ ਸਾਡੀਆਂ ਸੇਵਕਾਈਆਂ ਵਿੱਚ ਹਿੱਸਾ ਲੈਣ ਲਈ ਆਉਂਦੇ ਹਨ ਤਾਂ ਸਾਨੂੰ ਆਰਥਿਕ ਲਾਭਾਂ ਬਾਰੇ ਨਹੀਂ ਸੋਚਣਾ ਚਾਹੀਦਾ, ਸਗੋਂ ਸਾਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਲਈ ਲਈ ਤੌਬਾ ਕਰਨ ਲਈ ਤਿਆਰ ਕਰਨਾ ਚਾਹੀਦਾ, ਅਤੇ

ਮਸੀਹ ਦੁਆਰਾ ਸਿਖਾਏ ਗਏ ਪਵਿੱਤਰ ਜੀਵਨ ਨੂੰ ਬਤੀਤ ਕਰਨ ਯੋਗ ਬਣਾਉਣਾ ਚਾਹੀਦਾ ਹੈ, ਕਿਉਂਕਿ ਸੰਸਾਰ ਹਰ ਦਿਨ ਬਦ ਤੋਂ ਬੱਦਤਰ ਹੁੰਦਾ ਜਾ ਰਿਹਾ ਹੈ। ਲੋਕਾਂ ਨੂੰ ਇਨ੍ਹਾਂ ਖ਼ਤਰਨਾਕ ਬੁਰਾਈਆਂ ਤੋਂ ਮੁਕਤ ਕਰਨ ਲਈ, ਯਹੋਸ਼ੁਆ ਵਾਂਗ ਦ੍ਰਿੜ੍ਹ ਫ਼ੈਸਲੇ ਲਓ। ਤੁਹਾਡੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਜਾਵੇਗੀ। ਪ੍ਰਮੇਸ਼ਵਰ ਤੁਹਾਨੂੰ ਅਸੀਸ ਦੇਵੇਗਾ!

************

## ਜ਼ਬੂਰ 103:1-5

1. ਹੇ ਮੇਰੀ ਜਾਨ ਯਹੋਵਾਹ ਨੂੰ ਮੁਬਾਰਕ ਆਖ ਅਤੇ ਜੋ ਕੁਝ ਮੇਰੇ ਅੰਦਰ ਹੈ ਉਸਦੇ ਪਵਿੱਤਰ ਨਾਮ ਨੂੰ।
2. ਹੇ ਮੇਰੀ ਜਾਨ ਯਹੋਵਾਹ ਨੂੰ ਮੁਬਾਰਕ ਆਖ ਅਤੇ ਉਹ ਦੇ ਸਾਰੇ ਉਪਕਾਰ ਨਾ ਵਿਸਾਰ।
3. ਉਹ ਤੇਰੀਆਂ ਸਾਰੀਆਂ ਬੁਰਾਈਆਂ ਨੂੰ ਖ਼ਿਮਾ ਕਰਦਾ ਹੈ, ਉਹ ਸਾਰੇ ਰੋਗਾਂ ਤੋਂ ਤੈਨੂੰ ਨਰੋਆ ਕਰਦਾ ਹੈ।
4. ਉਹ ਤੇਰੀ ਜਿਮਦ ਨੂੰ ਟੋਏ ਤੋਂ ਨਿਸਤਾਰਾ ਦਿੰਦਾ ਹੈ, ਉਹ ਤੇਰੇ ਸਿਰ ਉੱਤੇ ਦਯਾ ਤੇ ਰਹਿਮ ਦਾ ਮੁਕਟ ਰੱਖਦਾ ਹੈ।
5. ਉਹ ਭਲਿਆਈ ਨਾਲ ਤੇਰੇ ਮੂੰਹ ਨੂੰ ਰਜਾਉਂਦਾ ਹੈ, ਤੂੰ ਉਕਾਬ ਵਾਂਙੁ ਆਪਣੀ ਜਵਾਨੀ ਨੂੰ ਨਵਾਂ ਕਰਦਾ ਹੈਂ।

## ਜਰੂਰੀ ਸੂਚਨਾ

### ਤੁਹਾਡੇ ਮੋਬਾਈਲ ਫੋਨ ਤੋਂ ਆਉਣ ਵਾਲੇ ਮੈਸੇਜ

ਸਾਨੂੰ ਸਾਡੇ ਮੋਬਾਈਲ ਫੋਨਾਂ ਉੱਪਰ ਹਰ ਦਿਨ ਬਹੁਤ ਸਾਰੀਆਂ ਤਸਵੀਰਾਂ ਅਤੇ ਬਾਈਬਲ ਦੀਆਂ ਆਇਤਾਂ ਪ੍ਰਾਪਤ ਹੁੰਦੀਆਂ ਹਨ ਜੋ ਕਿ ਸਾਡੇ ਮਿੱਤਰਾਂ ਵੱਲੋਂ ਭੇਜੀਆਂ ਜਾਂਦੀਆਂ ਹਨ। ਅਸਲ ਵਿੱਚ ਅਸੀਂ ਉਨ੍ਹਾਂ ਸਭਨਾਂ ਨੂੰ ਵੇਖ ਅਰ ਪੜ੍ਹ ਨਹੀਂ ਪਾਉਂਦੇ। ਸਾਡੇ ਕੋਲ ਉਨ੍ਹਾਂ ਨੂੰ ਮੋਬਾਈਲ ਵਿੱਚੋਂ ਡਿਲੀਟ ਕਰਨ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਹੁੰਦਾ। ਇਸ ਕਰਕੇ ਅਸੀਂ ਬੜੇ ਪ੍ਰੇਮ ਅਰ ਨਿਮਰਤਾ ਨਾਲ ਬੇਨਤੀ ਕਰਦੇ ਹਾਂ ਕਿ ਅਜਿਹੀਆਂ ਤਸਵੀਰਾਂ, ਬਾਈਬਲ ਦੀਆਂ ਆਇਤਾਂ ਅਰ ਹੋਰ ਸਧਾਰਨ ਮੈਸੇਜ ਸਾਡੇ ਮੋਬਾਈਲ ਫੋਨਾਂ ਉੱਪਰ ਨਾ ਭੇਜੇ ਜਾਣ। ਪਰੰਤੂ ਤੁਸੀਂ ਆਪਣੀਆਂ ਪ੍ਰਾਰਥਨਾ ਬੇਨਤੀਆਂ ਅਰ ਵਿਸ਼ੇਸ਼ ਸੰਦੇਸ਼ ਸਾਨੂੰ ਜ਼ਰੂਰ ਭੇਜ ਸਕਦੇ ਹੋ। ਇਸ ਗੱਲ ਨੂੰ ਸਮਝਣ ਅਤੇ ਸਾਡੀ ਬੇਨਤੀ ਪ੍ਰਵਾਨ ਕਰਨ ਲਈ ਤੁਹਾਡਾ ਧੰਨਵਾਦ।

ਸੰਪਾਦਕ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# WANTED

## OFFICE STAFF

**Echo of His Call** requires experienced and dedicated typists and computer operators.

Contact : ECHO OF HIS CALL
Cell : 98412 71858
E.mail : sam@echoofhiscall.org

## OUR BANK DETAILS:

### *1. Bank : State Bank of India*

| | | |
|---|---|---|
| Branch | : | **Triplicane, Chennai-5** |
| Name | : | **S. Sam Selva Raj** |
| A/C No. | : | **1023 2934 679** |
| IFSC | : | **SBIN 00 00 249** |

SWIFT CODE : **SBI NIN BB 455**

### *2. Bank : ICICI Bank*

| | | |
|---|---|---|
| Branch | : | **Anna Salai, Chennai-6** |
| Name | : | **Echo of His Call** |
| A/C No. | : | **6038 0502 2319** |
| IFSC | : | **ICIC 000 6038** |

### *3. Bank : State Bank of India*

**(This Account is for Tax Exemption for Indians only )**

| | | |
|---|---|---|
| Branch | : | **Triplicane, Chennai-5** |
| Name | : | **Echo of His Call Educational Trust** |
| A/C No. | : | **1023 2923 805** |
| IFSC | : | **SBIN 00 00 249** |

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :

**ECHO OF HIS CALL**

10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th SEPTEMBER, 2022**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

*JESUS LOVES YOU!*

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**